



ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS


Daily Digital Edition






Reg No: AAG1353 | Ludhiana, Thursday 05 February, 2026 | website: www.cee7news.com


## ਗਾਜ਼ੀਆਬਾਦ ਵਿੱਚ ਤਿੰਨ ਨਾਬਾਲਿਗ ਭੈਣਾਂ ਦੀ ਦੁਖਦਾਈ ਮੌਤ ਨੇ ਪੂਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਹੈ



*ਇਹ ਘਟਨਾ 4 ਫਰਵਰੀ 2026 ਨੂੰ ਰਾਤ ਕਰੀਬ 2:15 ਵਜੇ ਵਾਪਰੀ, ਜਦੋਂ ਵਿਸ਼ਿਕਾ (16 ਸਾਲ), ਪ੍ਰਾਚੀ (14 ਸਾਲ) ਅਤੇ ਪਾਖੀ (12 ਸਾਲ) ਨਾਂ ਦੀਆਂ ਤਿੰਨ ਸਗੀਆਂ ਭੈਣਾਂ ਨੇ ਆਪਣੇ ਫਲੈਟ ਦੀ 9ਵੀਂ ਮੰਜ਼ਿਲ ਦੀ ਬਾਲਕਨੀ ਤੋਂ ਛਾਲ ਮਾਰ ਕੇ ਆਪਣੀ ਜਾਨ ਦੇ ਦਿੱਤੀ।*

ਗਾਜ਼ੀਆਬਾਦ ਵਿੱਚ ਤਿੰਨ ਨਾਬਾਲਿਗ ਭੈਣਾਂ ਦੀ ਦੁਖਦਾਈ ਮੌਤ ਨੇ ਪੂਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਹ ਘਟਨਾ 4 ਫਰਵਰੀ 2026 ਨੂੰ ਰਾਤ ਕਰੀਬ 2:15 ਵਜੇ ਵਾਪਰੀ, ਜਦੋਂ ਵਿਸ਼ਿਕਾ (16 ਸਾਲ), ਪ੍ਰਾਚੀ (14 ਸਾਲ) ਅਤੇ ਪਾਖੀ (12 ਸਾਲ) ਨਾਂ ਦੀਆਂ ਤਿੰਨ ਸਗੀਆਂ ਭੈਣਾਂ ਨੇ ਆਪਣੇ ਫਲੈਟ ਦੀ 9ਵੀਂ ਮੰਜ਼ਿਲ ਦੀ ਬਾਲਕਨੀ ਤੋਂ ਛਾਲ ਮਾਰ ਕੇ ਆਪਣੀ ਜਾਨ ਦੇ ਦਿੱਤੀ। ਇਹ ਘਟਨਾ ਗਾਜ਼ੀਆਬਾਦ ਦੇ ਭਾਰਤ ਸਿਟੀ ਰਿਹਾਇਸ਼ੀ ਕੰਪਲੈਕਸ, ਟਾਵਰ B-1, ਫਲੈਟ ਨੰਬਰ 907 ਵਿੱਚ ਵਾਪਰੀ। ਪੁਲਿਸ ਅਨੁਸਾਰ, ਤਿੰਨੇ ਭੈਣਾਂ ਇੱਕ-ਦੂਜੇ ਨਾਲ ਬਹੁਤ ਜ਼ਿਆਦਾ ਨੇੜਤਾ ਰੱਖਦੀਆਂ ਸਨ ਅਤੇ ਜ਼ਿਆਦਾਤਰ ਸਮਾਂ ਇੱਕੱਠੀਆਂ ਹੀ ਰਹਿੰਦੀਆਂ ਸਨ।ਇਸ ਦੁਖਾਂਤ ਦਾ ਮੁੱਖ ਕਾਰਨ ਔਨਲਾਈਨ ਗੇਮਿੰਗ ਦੀ ਲਤ ਦੱਸੀ ਜਾ ਰਹੀ ਹੈ। ਪਰਿਵਾਰ ਵਾਲਿਆਂ ਅਤੇ ਪੁਲਿਸ ਦੇ ਅਨੁਸਾਰ, ਕੋਵਿਡ-19 ਮਹਾਂਮਾਰੀ ਦੇ ਸਮੇਂ ਤੋਂ ਹੀ ਇਹ ਤਿੰਨੇ ਭੈਣਾਂ ਔਨਲਾਈਨ ਗੇਮਾਂ ਵਿੱਚ ਫਸ ਗਈਆਂ ਸਨ। ਖਾਸ ਤੌਰ 'ਤੇ ਉਹ ਇੱਕ ਟਾਸਕ-ਬੇਸਡ "ਕੋਰੀਅਨ ਲਵ ਗੇਮ" (ਜਿਸ ਨੂੰ ਕੁਝ ਰਿਪੋਰਟਾਂ ਵਿੱਚ "We Are Koreans" ਜਾਂ ਸਮਾਨ ਨਾਂ ਨਾਲ ਜਾਣਿਆ ਜਾਂਦਾ ਹੈ) ਖੇਡਦੀਆਂ ਸਨ। ਇਹ ਗੇਮ ਆਮ ਤੌਰ 'ਤੇ ਸ਼ੁਰੂ ਵਿੱਚ ਸਧਾਰਨ ਟਾਸਕ ਨਾਲ ਸ਼ੁਰੂ ਹੁੰਦੀ ਹੈ ਪਰ ਅੰਤ ਵਿੱਚ ਖਿਡਾਰੀ ਨੂੰ ਖੁਦ ਨੂੰ ਨੁਕਸਾਨ ਪਹੁੰਚਾਉਣ ਜਾਂ ਸੁਸਾਈਡ ਵਰਗੇ ਖਤਰਨਾਕ ਕੰਮਾਂ ਵੱਲ ਲੈ ਜਾਂਦੀ ਹੈ। ਇਸ ਗੇਮ ਦੀ ਲਤ ਕਾਰਨ ਤਿੰਨੇ ਭੈਣਾਂ ਨੇ ਸਕੂਲ ਜਾਣਾ ਵੀ ਛੱਡ ਦਿੱਤਾ ਸੀ ਅਤੇ ਪੂਰਾ ਦਿਨ ਮੋਬਾਈਲ 'ਤੇ ਲੱਗੀਆਂ ਰਹਿੰਦੀਆਂ ਸਨ। ਉਹਨਾਂ ਨੇ ਆਪਣੇ ਆਪ ਨੂੰ ਕੋਰੀਅਨ ਨਾਂ ਵੀ ਰੱਖ ਲਏ ਸਨ ਅਤੇ ਕੋਰੀਆ ਜਾਣ ਦੀ ਜ਼ਿੱਦ ਕਰਦੀਆਂ ਸਨ।ਮਾਪਿਆਂ ਨੇ ਕਈ ਵਾਰ ਉਹਨਾਂ ਨੂੰ ਗੇਮ ਖੇਡਣ ਤੋਂ ਰੋਕਿਆ, ਫੋਨ ਛੀਨੇ, ਸਮਝਾਇਆ ਅਤੇ ਪੜ੍ਹਾਈ ਦੀ ਮਹੱਤਤਾ ਦੱਸੀ ਪਰ ਲਤ ਇੰਨੀ ਡੂੰਘੀ ਸੀ ਕਿ ਕੁਝ ਨਹੀਂ ਸੁਣਦੀਆਂ ਸਨ। ਮੰਗਲਵਾਰ ਰਾਤ ਨੂੰ ਵੀ ਗੇਮ ਨੂੰ ਲੈ ਕੇ ਘਰ ਵਿੱਚ ਝਗੜਾ ਹੋਇਆ ਸੀ। ਇਸ ਤੋਂ ਬਾਅਦ ਤਿੰਨੇ ਭੈਣਾਂ ਨੇ ਆਪਣੇ ਕਮਰੇ ਨੂੰ ਅੰਦਰੋਂ ਬੰਦ ਕਰ ਲਿਆ, ਸਟੂਲ ਰੱਖ ਕੇ ਬਾਲਕਨੀ ਤੋਂ ਇੱਕ-ਇੱਕ ਕਰਕੇ ਛਾਲ ਮਾਰ ਦਿੱਤੀ। ਸੁਸਾਈਡ ਨੋਟ ਵਿੱਚ ਲਿਖਿਆ ਸੀ "ਸਾਰੀ ਮੰਮੀ-ਪਾਪਾ... ਅਸੀਂ ਗੇਮ ਨਹੀਂ ਛੱਡ ਸਕਦੇ" ਜਾਂ "ਸਾਰੀ ਪਾਪਾ..." ਅਤੇ ਰੋਂਦੇ ਚਿਹਰੇ ਵਾਲਾ ਈਮੋਜੀ ਸੀ। ਕੁਝ ਰਿਪੋਰਟਾਂ ਅਨੁਸਾਰ ਡਾਇਰੀ ਵੀ ਮਿਲੀ ਹੈ ਜਿਸ ਵਿੱਚ ਗੇਮ ਨਾਲ ਜੁੜੇ ਵੇਰਵੇ ਸਨ।ਪੁਲਿਸ ਨੂੰ ਸਥਾਨਕ ਲੋਕਾਂ ਨੇ ਸੂਚਨਾ ਦਿੱਤੀ ਤਾਂ ਅਧਿਕਾਰੀ ਮੌਕੇ 'ਤੇ ਪਹੁੰਚੇ ਅਤੇ ਤਿੰਨੇ ਦੇਹਾਂ ਨੂੰ ਬਰਾਮਦ ਕੀਤਾ। ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ ਅਤੇ ਜਾਂਚ ਜਾਰੀ ਹੈ। ਗੇਮ ਦੇ ਫੋਨ ਚੈੱਕ ਕੀਤੇ ਜਾ ਰਹੇ ਹਨ ਕਿ ਕੀ ਇਸ ਵਿੱਚ ਸੁਸਾਈਡ ਵਾਲਾ ਟਾਸਕ ਸੀ ਜਾਂ ਨਹੀਂ। ਇਹ ਘਟਨਾ ਬਲੂ ਵੇਲ ਚੈਲੰਜ ਵਰਗੇ ਪਹਿਲਾਂ ਵਾਲੇ ਖਤਰਨਾਕ ਔਨਲਾਈਨ ਚੈਲੰਜਾਂ ਨੂੰ ਯਾਦ ਕਰਵਾਉਂਦੀ ਹੈ ਜਿਨ੍ਹਾਂ ਨੇ ਵੀ ਕਈ ਨੌਜਵਾਨਾਂ ਦੀਆਂ ਜਾਨਾਂ ਲਈਆਂ ਸਨ।ਇਹ ਮਾਮਲਾ ਔਨਲਾਈਨ ਗੇਮਿੰਗ ਦੀ ਲਤ ਦੇ ਖਤਰੇ ਨੂੰ ਇੱਕ ਵਾਰ ਫਿਰ ਸਾਹਮਣੇ ਲਿਆਂਦਾ ਹੈ। ਬੱਚਿਆਂ ਦੀ ਮਾਨਸਿਕ ਸਿਹਤ, ਮੋਬਾਈਲ ਵਰਤੋਂ 'ਤੇ ਨਿਗਰਾਨੀ ਅਤੇ ਪਰਿਵਾਰਕ ਸੰਵਾਦ ਦੀ ਬਹੁਤ ਜ਼ਰੂਰਤ ਹੈ। ਮਾਪੇ ਆਪਣੇ ਬੱਚਿਆਂ ਨੂੰ ਡਿਜੀਟਲ ਦੁਨੀਆਂ ਵਿੱਚ ਫਸਣ ਤੋਂ ਬਚਾਉਣ ਲਈ ਸਮੇਂ ਸਿਰ ਧਿਆਨ ਦੇਣ। ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਰੋਕਣ ਲਈ ਸਰਕਾਰ, ਸਕੂਲ ਅਤੇ ਸਮਾਜ ਸਾਂਝੇ ਤੌਰ 'ਤੇ ਕੰਮ ਕਰਨ ਦੀ ਲੋੜ ਹੈ। ਇਹ ਤਿੰਨੇ ਭੈਣਾਂ ਦੀ ਮੌਤ ਨਾ ਸਿਰਫ਼ ਇੱਕ ਪਰਿਵਾਰ ਦਾ ਦੁੱਖ ਹੈ ਸਗੋਂ ਪੂਰੇ ਸਮਾਜ ਲਈ ਚੇਤਾਵਨੀ ਹੈ ਕਿ ਔਨਲਾਈਨ ਲਤ ਕਿੰਨੀ ਖਤਰਨਾਕ ਹੋ ਸਕਦੀ ਹੈ। ਪੁਲਿਸ ਅਨੁਸਾਰ, ਤਿੰਨੇ ਭੈਣਾਂ ਇੱਕ-ਦੂਜੇ ਨਾਲ ਬਹੁਤ ਜ਼ਿਆਦਾ ਨੇੜਤਾ ਰੱਖਦੀਆਂ ਸਨ ਅਤੇ ਜ਼ਿਆਦਾਤਰ ਸਮਾਂ ਇੱਕੱਠੀਆਂ ਹੀ ਰਹਿੰਦੀਆਂ ਸਨ।



## ਪੰਜਾਬ ਅਤੇ ਉੱਤਰੀ ਭਾਰਤ ਵਿੱਚ ਮੌਸਮ ਦੀ ਤਾਜ਼ਾ ਅਪਡੇਟ ਅਨੁਸਾਰ, ਤਿੰਨ ਪੱਛਮੀ ਗੜਬੜੀਆਂ ਦਾ ਅਲਰਟ ਜਾਰੀ ਕੀਤਾ

### ਇਹ ਗੜਬੜੀਆਂ ਪੱਛਮੀ ਹਿਮਾਲਿਆ ਖੇਤਰ ਨੂੰ ਅਗਲੇ 7 ਦਿਨਾਂ ਵਿੱਚ ਪ੍ਰਭਾਵਿਤ ਕਰਨਗੀਆਂ।

ਪੰਜਾਬ ਅਤੇ ਉੱਤਰੀ ਭਾਰਤ ਵਿੱਚ ਮੌਸਮ ਦੀ ਤਾਜ਼ਾ ਅਪਡੇਟ ਅਨੁਸਾਰ, ਭਾਰਤੀ ਮੌਸਮ ਵਿਭਾਗ (IMD) ਨੇ ਤਿੰਨ ਪੱਛਮੀ ਗੜਬੜੀਆਂ (Western Disturbances) ਦਾ ਅਲਰਟ ਜਾਰੀ ਕੀਤਾ ਹੈ। ਇਹ ਗੜਬੜੀਆਂ ਪੱਛਮੀ ਹਿਮਾਲਿਆ ਖੇਤਰ ਨੂੰ ਅਗਲੇ 7 ਦਿਨਾਂ ਵਿੱਚ ਪ੍ਰਭਾਵਿਤ ਕਰਨਗੀਆਂ। ਪਹਿਲੀ ਗੜਬੜੀ ਵਰਤਮਾਨ ਵਿੱਚ ਸਰਗਰਮ ਹੈ ਜੋ ਪੰਜਾਬ ਅਤੇ ਹਰਿਆਣਾ ਉੱਤੇ ਸਾਈਕਲੋਨਿਕ ਸਰਕੂਲੇਸ਼ਨ ਵਜੋਂ ਮੌਜੂਦ ਹੈ। ਇਸ ਕਾਰਨ ਪੰਜਾਬ, ਹਰਿਆਣਾ, ਚੰਡੀਗੜ੍ਹ, ਦਿੱਲੀ-ਐਨਸੀਆਰ, ਉੱਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਵਿੱਚ ਧੁੰਦ (ਖਾਸ ਕਰਕੇ ਘਣੀ ਤੋਂ ਬਹੁਤ ਘਣੀ ਧੁੰਦ) ਦੀ ਸਥਿਤੀ ਬਣੀ ਹੋਈ ਹੈ। ਇਹ ਧੁੰਦ ਸਵੇਰੇ ਅਤੇ ਰਾਤ ਨੂੰ ਜ਼ਿਆਦਾ ਹੁੰਦੀ ਹੈ ਅਤੇ 4 ਫਰਵਰੀ ਤੱਕ ਜਾਰੀ ਰਹਿਣ ਦੀ ਸੰਭਾਵਨਾ ਹੈ। ਪੰਜਾਬ ਵਿੱਚ ਘਣੀ ਧੁੰਦ 3 ਫਰਵਰੀ ਤੱਕ ਅਤੇ ਫਿਰ ਕੁਝ ਥਾਵਾਂ ਤੇ 5 ਫਰਵਰੀ ਤੱਕ ਰਹੇਗੀ।ਦੂਜੀ ਤਾਜ਼ਾ ਪੱਛਮੀ ਗੜਬੜੀ 5 ਫਰਵਰੀ ਦੀ ਰਾਤ ਤੋਂ ਪੱਛਮੀ ਹਿਮਾਲਿਆ ਖੇਤਰ ਨੂੰ ਪ੍ਰਭਾਵਿਤ ਕਰੇਗੀ। ਇਸ ਨਾਲ ਜੰਮੂ-ਕਸ਼ਮੀਰ, ਲੱਦਾਖ, ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਵਿੱਚ ਬਰਫਬਾਰੀ ਅਤੇ ਮੀਂਹ ਦੀ ਸੰਭਾਵਨਾ ਹੈ। ਉੱਚੇ ਇਲਾਕਿਆਂ ਵਿੱਚ ਮੱਧਮ ਤੋਂ ਭਾਰੀ ਬਰਫਬਾਰੀ ਹੋ ਸਕਦੀ ਹੈ ਜਦਕਿ ਹੇਠਲੇ ਇਲਾਕਿਆਂ ਵਿੱਚ ਹਲਕਾ ਤੋਂ ਮੱਧਮ ਮੀਂਹ ਪੈ ਸਕਦਾ ਹੈ। ਇਸ ਨਾਲ ਗਰਜ ਨਾਲ ਮੀਂਹ, ਬਿਜਲੀ ਅਤੇ ਤੇਜ਼ ਹਵਾਵਾਂ (30-40 ਕਿਲੋਮੀਟਰ ਪ੍ਰਤੀ ਘੰਟਾ ਜਾਂ ਗਸਟ ਨਾਲ 50 ਤੱਕ) ਵੀ ਆ ਸਕਦੀਆਂ ਹਨ। ਪੰਜਾਬ ਅਤੇ ਹੋਰ ਮੈਦਾਨੀ ਇਲਾਕਿਆਂ ਵਿੱਚ ਵੀ ਹਲਕਾ ਮੀਂਹ ਜਾਂ ਛਿੜਕਾਅ ਵਾਲਾ ਮੀਂਹ ਹੋ ਸਕਦਾ ਹੈ।ਤੀਜੀ ਪੱਛਮੀ ਗੜਬੜੀ 8 ਫਰਵਰੀ ਦੀ ਰਾਤ ਤੋਂ ਪ੍ਰਭਾਵ ਪਾਵੇਗੀ ਅਤੇ ਇਹ ਵੀ ਪੱਛਮੀ ਹਿਮਾਲਿਆ ਖੇਤਰ ਵਿੱਚ ਮੀਂਹ ਅਤੇ ਬਰਫਬਾਰੀ ਲਿਆ ਸਕਦੀ ਹੈ। ਇਸ ਸਮੇਂ ਦੌਰਾਨ ਤਾਪਮਾਨ ਵਿੱਚ ਵੱਡਾ ਬਦਲਾਅ ਨਹੀਂ ਹੋਵੇਗਾ ਪਰ ਰਾਤ ਨੂੰ ਠੰਡ ਵਧ ਸਕਦੀ ਹੈ। ਪੰਜਾਬ ਵਿੱਚ ਘੱਟੋ-ਘੱਟ ਤਾਪਮਾਨ 5-10 ਡਿਗਰੀ ਸੈਲਸੀਅਸ ਦੇ ਆਸ-ਪਾਸ ਰਹਿ ਸਕਦਾ ਹੈ ਜਿਵੇਂ ਕਿ ਬਠਿੰਡਾ ਵਿੱਚ 5.8 ਡਿਗਰੀ ਦਰਜ ਕੀਤਾ ਗਿਆ ਸੀ।ਪੰਜਾਬ ਲਈ ਖਾਸ ਅਲਰਟ: ਧੁੰਦ ਕਾਰਨ ਵਿਜ਼ੀਬਿਲਟੀ ਘੱਟ ਹੋਣ ਨਾਲ ਰੋਡ ਟ੍ਰੈਫਿਕ ਪ੍ਰਭਾਵਿਤ ਹੋ ਸਕਦਾ ਹੈ। ਲੋਕਾਂ ਨੂੰ ਸਵੇਰੇ ਅਤੇ ਰਾਤ ਨੂੰ ਸਾਵਧਾਨੀ ਵਰਤਣੀ ਚਾਹੀਦੀ ਹੈ। ਹਿਮਾਚਲ ਅਤੇ ਉੱਤਰਾਖੰਡ ਵਿੱਚ ਬਰਫਬਾਰੀ ਨਾਲ ਰਸਤੇ ਬੰਦ ਹੋਣ ਦਾ ਖਤਰਾ ਹੈ। ਗਰਜ ਨਾਲ ਮੀਂਹ ਵਾਲੇ ਇਲਾਕਿਆਂ ਵਿੱਚ ਓਲੇ ਵੀ ਪੈ ਸਕਦੇ ਹਨ ਜਿਵੇਂ ਕਿ ਪਿਛਲੇ ਦਿਨਾਂ ਵਿੱਚ ਵੈਸਟ ਉੱਤਰ ਪ੍ਰਦੇਸ਼ ਅਤੇ ਈਸਟ ਰਾਜਸਥਾਨ ਵਿੱਚ ਦੇਖੇ ਗਏ ਸਨ।ਇਹ ਤਿੰਨ ਗੜਬੜੀਆਂ ਫਰਵਰੀ ਦੇ ਪਹਿਲੇ ਅਤੇ ਦੂਜੇ ਹਫਤੇ ਵਿੱਚ ਉੱਤਰੀ ਭਾਰਤ ਦੇ ਮੌਸਮ ਨੂੰ ਪ੍ਰਭਾਵਿਤ ਕਰ ਰਹੀਆਂ ਹਨ। ਪੰਜਾਬ ਵਿੱਚ ਮੌਸਮ ਅਲਗ-ਅਲਗ ਰਹੇਗਾ – ਕੁਝ ਦਿਨ ਧੁੰਦ ਵਾਲੇ ਅਤੇ ਠੰਡੇ, ਜਦਕਿ ਮੀਂਹ ਵਾਲੇ ਦਿਨਾਂ ਵਿੱਚ ਨਮੀ ਵਧੇਗੀ। ਕਿਸਾਨਾਂ ਨੂੰ ਫਸਲਾਂ ਦੀ ਸੁਰੱਖਿਆ ਲਈ ਸਾਵਧਾਨ ਰਹਿਣਾ ਚਾਹੀਦਾ ਹੈ, ਖਾਸ ਕਰਕੇ ਓਲੇ ਅਤੇ ਤੇਜ਼ ਹਵਾਵਾਂ ਤੋਂ। ਰੋਜ਼ਾਨਾ ਅਪਡੇਟ ਲਈ mausam.imd.gov.in ਵੈੱਬਸਾਈਟ ਜਾਂ ਐਪ ਚੈੱਕ ਕਰੋ।

**Cee7 News** ਇਹ ਘਟਨਾ 4 ਫਰਵਰੀ 2026 ਨੂੰ ਵਾਪਰੀ ਜਦੋਂ ਕਾਂਗਰਸ ਦੇ ਸੰਸਦ ਮੈਂਬਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਰੁੱਧ ਪ੍ਰਦਰਸ਼ਨ ਕਰ ਰਹੇ ਸਨ।

# ਸੰਸਦ ਵਿੱਚ ਰਾਹੁਲ ਗਾਂਧੀ ਅਤੇ ਰਵਨੀਤ ਬਿੱਟੂ ਵਿਚਕਾਰ ਤਿੱਖੀ ਬਹਿਸ ਨੇ ਸਿਆਸੀ ਮਾਹੌਲ ਨੂੰ ਬਹੁਤ ਗਰਮ ਕਰ ਦਿੱਤਾ ਹੈ।

ਸੰਸਦ ਵਿੱਚ ਰਾਹੁਲ ਗਾਂਧੀ ਅਤੇ ਰਵਨੀਤ ਬਿੱਟੂ ਵਿਚਕਾਰ ਤਿੱਖੀ ਬਹਿਸ ਨੇ ਸਿਆਸੀ ਮਾਹੌਲ ਨੂੰ ਬਹੁਤ ਗਰਮ ਕਰ ਦਿੱਤਾ ਹੈ। ਇਹ ਘਟਨਾ 4 ਫਰਵਰੀ 2026 ਨੂੰ ਵਾਪਰੀ ਜਦੋਂ ਕਾਂਗਰਸ ਦੇ ਸੰਸਦ ਮੈਂਬਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਰੁੱਧ ਪ੍ਰਦਰਸ਼ਨ ਕਰ ਰਹੇ ਸਨ। ਉਹ ਪ੍ਰਦਰਸ਼ਨ ਭਾਰਤ-ਅਮਰੀਕਾ ਵਪਾਰ ਸਮਝੌਤੇ ਨੂੰ ਲੈ ਕੇ ਕੀਤਾ ਗਿਆ ਸੀ ਜਿਸ ਵਿੱਚ ਰਾਹੁਲ ਗਾਂਧੀ ਨੇ ਪਿਛਲੇ ਦਿਨ ਪ੍ਰੈੱਸ ਨੂੰ ਦੱਸਿਆ ਸੀ ਕਿ ਪੀਐੱਮ "ਕੰਪ੍ਰੋਮਾਈਜ਼ਡ" ਹਨ। ਕਾਂਗਰਸੀ ਵਿਧਾਇਕ ਪਲੇਕਾਰਡ ਲੈ ਕੇ ਖੜ੍ਹੇ ਸਨ ਜਿਨ੍ਹਾਂ ਉੱਤੇ ਲਿਖਿਆ ਸੀ "PM is compromised"।ਇਸ ਪ੍ਰਦਰਸ਼ਨ ਦੌਰਾਨ ਜਦੋਂ ਕੇਂਦਰੀ ਰੇਲ ਮੰਤਰੀ ਅਤੇ ਭਾਜਪਾ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਉੱਥੋਂ ਲੰਘੇ ਤਾਂ ਰਾਹੁਲ ਗਾਂਧੀ ਨੇ ਉਨ੍ਹਾਂ ਵੱਲ ਇਸ਼ਾਰਾ ਕਰਕੇ ਕਿਹਾ, "ਇੱਥੇ ਇੱਕ ਗੱਦਾਰ ਲੰਘ ਰਿਹਾ ਹੈ। ਚਿਹਰਾ ਵੇਖੋ..." ਫਿਰ ਉਨ੍ਹਾਂ ਨੇ ਹੱਥ ਅੱਗੇ ਵਧਾਇਆ ਅਤੇ ਪੰਜਾਬੀ ਵਿੱਚ ਕਿਹਾ, "ਹੈਲੋ ਭਰਾ, ਮੇਰੇ ਗੱਦਾਰ ਦੋਸਤ... ਚਿੰਤਾ ਨਾ ਕਰੋ, ਤੁਸੀਂ ਵਾਪਸ ਆਓਗੇ।" ਇਹ ਸ਼ਬਦ ਬਿੱਟੂ ਦੇ ਕਾਂਗਰਸ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਣ ਨੂੰ ਲੈ ਕੇ ਕਹੇ ਗਏ ਸਨ। ਰਵਨੀਤ ਬਿੱਟੂ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਛੱਡ ਕੇ ਭਾਜਪਾ ਵਿੱਚ ਚਲੇ ਗਏ ਸਨ ਅਤੇ ਹੁਣ ਉਹ ਕੇਂਦਰੀ ਮੰਤਰੀ ਵੀ ਹਨ।ਰਵਨੀਤ ਬਿੱਟੂ ਨੇ ਹੱਥ ਨਹੀਂ ਮਿਲਾਇਆ ਅਤੇ ਗੁੱਸੇ ਵਿੱਚ ਜਵਾਬ ਦਿੱਤਾ, "ਦੇਸ਼ ਦਾ ਦੁਸ਼ਮਣ..." ਇਸ ਨਾਲ ਦੋਵਾਂ ਵਿਚਕਾਰ ਜ਼ੁਬਾਨੀ ਜੰਗ ਛਿੜ ਗਈ। ਇਹ ਪੂਰਾ ਵਾਕਿਆ ਕੈਮਰੇ ਵਿੱਚ ਕੈਦ ਹੋ ਗਿਆ ਅਤੇ ਬਾਅਦ ਵਿੱਚ ਵੀਡੀਓ ਵਾਇਰਲ ਹੋ ਗਿਆ। ਇਹ ਘਟਨਾ ਸੰਸਦ ਭਵਨ ਦੇ ਮਕਰ ਦੁਆਰ ਨੇੜੇ ਵਾਪਰੀ ਜਿੱਥੇ ਵਿਰੋਧੀ ਧਿਰ ਦੇ ਮੈਂਬਰਾਂ ਨੇ ਅੱਠ ਸੰਸਦ ਮੈਂਬਰਾਂ ਦੀ ਮੁਅੱਤਲੀ ਵਿਰੁੱਧ ਵੀ ਰੋਸ ਜਤਾਇਆ ਸੀ। ਇਨ੍ਹਾਂ ਮੁਅੱਤਲ ਮੈਂਬਰਾਂ ਵਿੱਚ ਪੰਜਾਬ ਅਤੇ ਹੋਰ ਰਾਜਾਂ ਦੇ ਨੇਤਾ ਸ਼ਾਮਲ ਸਨ ਜਿਵੇਂ ਗੁਰਜੀਤ ਸਿੰਘ ਔਜਲਾ, ਅਮਰਿੰਦਰ ਸਿੰਘ ਰਾਜਾ ਵੜਿੰਗ ਆਦਿ।ਇਹ ਬਹਿਸ ਨਿੱਜੀ ਤੌਰ ਤੇ ਬਹੁਤ ਤਿੱਖੀ ਸੀ ਕਿਉਂਕਿ ਰਵਨੀਤ ਬਿੱਟੂ ਪਹਿਲਾਂ ਰਾਹੁਲ ਗਾਂਧੀ ਦੇ ਨੇੜਲੇ ਸਾਥੀ ਰਹੇ ਸਨ ਅਤੇ ਪੰਜਾਬ ਵਿੱਚ ਕਾਂਗਰਸ ਦੇ ਮਜ਼ਬੂਤ ਚਿਹਰੇ ਵਜੋਂ ਜਾਣੇ ਜਾਂਦੇ ਸਨ। ਉਨ੍ਹਾਂ ਦਾ ਕਾਂਗਰਸ ਛੱਡਣਾ ਪਾਰਟੀ ਲਈ ਝਟਕਾ ਸੀ ਅਤੇ ਇਸ ਨੂੰ ਗੱਦਾਰੀ ਵਜੋਂ ਵੇਖਿਆ ਜਾ ਰਿਹਾ ਹੈ। ਰਾਹੁਲ ਗਾਂਧੀ ਦੇ "ਤੁਸੀਂ ਵਾਪਸ ਆਓਗੇ" ਵਾਲੇ ਸ਼ਬਦਾਂ ਵਿੱਚ ਵਿਅੰਗ ਅਤੇ ਭਰੋਸਾ ਦੋਵੇਂ ਸਨ ਕਿ ਬਿੱਟੂ ਮੁੜ ਕਾਂਗਰਸ ਵਿੱਚ ਆ ਜਾਣਗੇ। ਇਸ ਨਾਲ ਕਾਂਗਰਸੀ ਵਿਧਾਇਕ ਹੱਸ ਪਏ ਅਤੇ ਨਾਅਰੇ ਲਗਾਉਣ ਲੱਗੇ। ਭਜਪਾ ਵੱਲੋਂ ਇਸ ਟਿੱਪਣੀ ਨੂੰ ਸਿੱਖ ਭਾਈਚਾਰੇ ਤੇ ਤਾਣ ਮੰਨਿਆ ਗਿਆ ਅਤੇ ਉਨ੍ਹਾਂ ਨੇ 1984 ਦੇ ਦੰਗਿਆਂ ਨੂੰ ਯਾਦ ਕਰਵਾਇਆ। ਉਹ ਕਹਿ ਰਹੇ ਹਨ ਕਿ ਇੱਕ ਸਿੱਖ ਨੇਤਾ ਨੂੰ ਗੱਦਾਰ ਕਹਿਣਾ ਪੂਰੇ ਭਾਈਚਾਰੇ ਨੂੰ ਬਦਨਾਮ ਕਰਨ ਵਰਗਾ ਹੈ। ਇਸ ਤਰ੍ਹਾਂ ਇਹ ਛੋਟੀ ਜਿਹੀ ਝੜਪ ਸਿਆਸੀ ਬਹਿਸ ਨੂੰ ਨਿੱਜੀ ਪੱਧਰ ਤੱਕ ਲੈ ਗਈ ਅਤੇ ਪੰਜਾਬੀ ਸਿਆਸਤ ਵਿੱਚ ਵੀ ਚਰਚਾ ਦਾ ਵਿਸ਼ਾ ਬਣ ਗਈ।



ਪੰਜਾਬ ਵਿੱਚ ਰਵਨੀਤ ਬਿੱਟੂ ਦੀ ਪਛਾਣ ਇੱਕ ਅਜਿਹੇ ਨੇਤਾ ਵਜੋਂ ਹੈ ਜੋ ਕਿਸਾਨ ਅਤੇ ਨੌਜਵਾਨ ਮੁੱਦਿਆਂ ਤੇ ਬੋਲਦੇ ਰਹੇ ਹਨ। ਉਨ੍ਹਾਂ ਦਾ ਭਾਜਪਾ ਵਿੱਚ ਜਾਣਾ ਕਈਆਂ ਲਈ ਅਚਾਨਕ ਸੀ ਪਰ ਹੁਣ ਉਹ ਕੇਂਦਰ ਵਿੱਚ ਅਹਿਮ ਜ਼ਿੰਮੇਵਾਰੀ ਨਿਭਾ ਰਹੇ ਹਨ। ਇਸ ਘਟਨਾ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਕਿ ਸਿਆਸੀ ਦੁਸ਼ਮਣੀਆਂ ਕਿਸ ਤਰ੍ਹਾਂ ਨਿੱਜੀ ਹੋ ਜਾਂਦੀਆਂ ਹਨ ਅਤੇ ਪੁਰਾਣੇ ਦੋਸਤ ਵੀ ਇੱਕ ਦੂਜੇ ਨੂੰ ਗੱਦਾਰ ਕਹਿਣ ਤੱਕ ਪਹੁੰਚ ਜਾਂਦੇ ਹਨ।

# ਬੁੱਧੀਜੀਵੀ ਲੇਖਕ ਅਤੇ ਕਵੀ ਸੁਮੱਤ ਬੁੱਧ ਨਵ ਚੇਤਨਾ ਵਿਸ਼ਵਾਸ ਨਾਲ ਭਰੇ ਹੋਏ ਹੁੰਦੇ ਹਨ (ਲੇਖਕ : ਹਰਭਜਨ ਸਿੰਘ ਭਗਰੱਥ)



ਬੁੱਧੀਜੀਵੀ ਲੇਖਕ ਅਤੇ ਕਵੀ ਸੁਮੱਤ ਬੁੱਧ ਨਵ ਚੇਤਨਾ ਵਿਸ਼ਵਾਸ ਨਾਲ ਭਰੇ ਹੋਏ ਹੁੰਦੇ ਹਨ ਬਹੁਤ ਹੀ ਸੰਵੇਦਨਸ਼ੀਲ ਸ਼ਾਂਤ ਚਿੱਤ ਹਿਮਾਲਿਆ ਪਰਬਤ ਤੇ ਜੰਮੀ ਹੋਈ ਗਲੇਸ਼ੀਅਰ ਦੀ ਬਰਫ ਦੀ ਤਰ੍ਹਾਂ ਸਮਾਜ ਵਿੱਚ ਵਿਚਰਦਿਆਂ ਲੇਖਕ ਮਹਿਸੂਸ ਕਰਦਾ ਹੈ ਬਹੁਤ ਕੁਝ ਇਸ ਤਰ੍ਹਾਂ ਵਾਪਰ ਰਿਹਾ ਹੈ ਜੋ ਅਸਹਿ ਹੈ ਅਕਿਹ ਹੈ ਸਮਾਜ ਵਿੱਚ ਫੈਲੇ ਹੋਏ ਅੰਧ ਵਿਸ਼ਵਾਸ ਗਰੀਬੀ ਅਨਪੜ੍ਹਤਾ ਗਰੀਬ ਕਿਸਾਨਾਂ ਦੀ ਬੇਬਸੀ ਹੜ ਸੋਕੇ ਬੇ ਮੌਸਮੀ ਬਾਰਿਸ਼ ਆਰਥਿਕ ਨਾ ਬਰਾਬਰੀਆ ਸਰਮਾਏਦਾਰੀ ਨਿਜ਼ਾਮ ਕੁਦਰਤ ਦੇ ਕਹਿਰ ਨਵ ਯੁਗ ਵੱਲ ਵਧ ਰਹੇ ਪ੍ਰਗਤੀਸ਼ੀਲ ਨਿਜ਼ਾਮ ਵੱਲੋਂ ਕੀਤੀਆਂ ਜਾ ਰਹੀਆਂ ਘਿਨੌਣੀਆਂ ਹਰਕਤਾਂ ਰੇਪ ਕੇਸ ਲੁੱਟ ਖੋਹ ਚੋਰੀ ਡਕੈਤੀ ਕਤਲ ਵਿਖਾਵੇ ਦਾ ਪਿਆਰ ਮੁਹੱਬਤ ਯਾਰ ਮਾਰ ਬਜ਼ੁਰਗਾਂ ਦੀ ਬੇਕਦਰੀ ਬੇ ਮਤਲਬ ਤੂੰ ਆਪਣੀ ਧੌਸ ਜਮੌਣ ਲਈ ਹੋ ਰਹੇ ਯੰਗ ਯੁੱਧ ਵਰਗੀਆਂ ਅਣਸੁਖਾਮੀਆਂ ਘਟਨਾਵਾਂ ਵਿੱਚ ਵਿਚਰਦੇ ਹੋਇਆਂ ਲੇਖਕ ਦੀ ਕਲਮ ਕੁਝ ਲਿਖਣ ਲਈ ਮਜਬੂਰ ਹੋ ਜਾਂਦੀ ਹੈ ਲੇਖਕ ਦਾ ਪਹਿਲਾ ਫਰਜ਼ ਹੈ ਕਿ ਉਹ ਆਪਣੇ ਜੀਵਨ ਕਾਲ ਦੌਰਾਨ ਵਾਪਰ ਰਹੀਆਂ ਇਸ ਤਰ੍ਹਾਂ ਦੀਆਂ ਘਟਨਾਵਾਂ ਦਾ ਜਿਕਰ ਕਰਨ ਲਈ ਵਚਨਬੱਧ ਹੈ ਇਸ ਤਰ੍ਹਾਂ ਦੇ ਮਾਹੌਲ ਵਿੱਚੋਂ ਵਿਚਰਦਿਆਂ ਜੋ ਲੇਖਕ ਆਪਣੀ ਅੱਖੀ ਵੇਖੀ ਹੋਏ ਮਾਹੌਲ ਨੂੰ ਆਪਣੇ ਮਨ ਦੇ ਵਿਚਾਰਾਂ ਨੂੰ ਕਲਮ ਬੰਦ ਨਹੀਂ ਕਰਦਾ ਉਹ ਲੇਖਕ ਨਹੀਂ ਹੋ ਸਕਦਾ ਅਜੈਬ ਸਿੰਘ ਰੂਪਣਾ ਮੁਕਤਸਰ ਜਿਲ੍ਹੇ ਦੇ ਰੁਪਾਣਾ ਪਿੰਡ ਤੋਂ ਹੈ ਅਤੇ ਬਹੁਤ ਹੀ ਸੰਵੇਦਨਸ਼ੀਲ ਲਿਖਾਰੀ ਹੈ ਲੇਖਕ ਦਾ ਹਿਰਦਾ ਹੇਮਕੁੰਡ ਦੇ ਗਲੇਸ਼ੀਅਰ ਵਾਂਗ ਸ਼ਾਂਤ ਹੈ ਬਰਫ ਵਰਗਾ ਹੈ ਲੇਖਕ ਜਦੋਂ ਇਸ ਤਰ੍ਹਾਂ ਦੇ ਅਣਸੁਖਾਵੇ ਮਾਹੌਲ ਵਿੱਚੋਂ ਗੁਜਰਦਾ ਹੈ ਤਾਂ ਉਸ ਦੇ ਹਿਰਦੇ ਵਿੱਚੋਂ ਇੱਕ ਆਹ ਉਠਦੀ ਹੈ ਚੀਸ ਉੱਠਦੀ ਹੈ ਉਸ ਚੀਜ਼ ਦਾ ਨਾਂ ਹੈ ਬਰਫ ਦਾ ਸੇਕ ਬਰਫ ਵਾਂਗ ਸ਼ਾਤ ਚਿੱਤ ਹੁੰਦਿਆਂ ਵੀ ਲੇਖਕ ਦੇ ਮਨ ਅੰਦਰ ਇਕ ਧੂਨੀ ਧੁਖ ਰਹੀ ਹੈ ਜੋ ਉਸਨੂੰ ਬਾਰ ਬਾਰ ਪਰੇਸ਼ਾਨ ਕਰਦੀ ਹੈ ਲੇਖਕ ਕੁਦਰਤੀ ਆਫਤਾਂ ਤੋਂ ਪਰੇਸ਼ਾਨ ਹੈ ਸਮਾਜ ਵਿੱਚ ਹੋ ਰਹੇ ਖੋਟੇ ਧੰਦੇ ਕਲੰਕਤ ਰਿਸਤੇ ਰੇਪ ਕੇਸ ਬਜ਼ੁਰਗਾਂ ਦੀ ਹੋ ਰਹੀ ਦੁਰਦਸ਼ਾ ਵਰਗੇ ਅਣਸਖਾਵੇਂ ਮਾਹੌਲ ਨੂੰ ਦੇਖਦਿਆਂ ਲੇਖਕ ਦੀ ਕਲਮ ਕੁਝ ਲਿਖਣ ਲਈ ਮਜਬੂਰ ਹੋ ਜਾਂਦੀ ਹੈ ਲੇਖਕ ਆਪਣੀ ਕਲਮ ਦੁਆਰਾ ਮਨੁੱਖੀ ਕਿਰਦਾਰ ਦੀ ਤਸਵੀਰ ਬਣਾਉਣ ਦੀ ਕੋਸ਼ਿਸ਼ ਕਰਦਾ ਹੈ

ਉਜਾੜੀ ਜਾਂਦਾ ਵਾਦੀਆਂ
ਪਰਬਤ ਦਿੱਤੇ ਚੀਰ
ਪੌਣਾ ਵੀ ਦੂਸਤ ਕੀਤੀਆਂ
ਜਹਰੀਲਾ ਕੀਤਾ ਨੀਰ
ਪਿੱਪਲ ਬੋਹੜ ਤੇ ਟਾਹਲੀਆਂ
ਨਾ ਦਿਸਦੇ ਜੰਡ ਕਰੀਰ
ਕੁਦਰਤ ਨੂੰ ਠੁੱਡੇ ਮਾਰਦਾ ਤੂੰ
ਰੱਬ ਤੋਂ ਵੱਡਾ ਪੀਰ
ਪੈਰ ਕੁਹਾੜੀ ਮਾਰ ਕੇ
ਤੂੰ ਨਾ ਹੋਇਆ ਦਲਗੀਰ
ਸਭ ਜੂਨਾ ਕੈਦੀ ਸੁੱਟੀਆਂ
ਕਹਿਣਾ ਇਹਨਾਂ ਦੀ ਤਕਦੀਰ
ਡੂੰਘਾ ਕਦੇ ਨਾ ਸੋਚਿਆ
ਗਿਆ ਸਬਰ ਦੀ ਲੰਘ ਲਕੀਰ ਕਿਰਦਾਰ ਆਪਣੇ ਤੋਂ ਭੱਟਕਿਆ
ਮਨੁੱਖੀ ਜਾਮਾ ਲੀਰੋ ਲੀਰ
ਹਉਮੈ ਹੰਕਾਰ ਚ ਡੁਬਿਆ
ਤੇਰੀ ਨਿਘਰ ਗਈ ਜਮੀਰ

ਕੁਦਰਤ ਜਦੋਂ ਕਹਿਰਵਾਨ ਹੁੰਦੀ ਹੈ ਤਾਂ ਉਹ ਅਮੀਰ ਗਰੀਬ ਨਹੀਂ ਵੇਖਦੀ ਅਤੇ ਨਾ ਹੀ ਕਿਸੇ ਨਾਲ ਹਮਦਰਦੀ ਕਰਦੀ ਹੈ ਉਸ ਵਕਤ ਕੁਦਰਤ ਦੇ ਕਹਿਰ ਦੇ ਕਲਾਵੇ ਵਿੱਚ ਜੋ ਵੀ ਜੀ ਵਲੇਟਿਆ ਜਾਂਦਾ ਹੈ ਕੁਦਰਤ ਸਭ ਨਾਲ ਇੱਕੋ ਜਿਹਾ ਹੀ ਵਰਤਾਰਾ ਕਰਦੀ ਹੈ ਪਿਛਲੇ ਸਮੇ ਵਿੱਚ ਆਏ ਹੜ੍ਹਾਂ ਦੀ ਮਾਰ ਨੂੰ ਦਰਸ਼ਾਉਂਦਾ ਹੋਇਆ ਅਜਾਇਬ ਸਿੰਘ ਰੂਪਾਣਾ ਹੜ੍ਹਾਂ ਦੇ ਹਾਲਾਤਾਂ ਨੂੰ ਆਪਣੀ ਕਲਮ ਦੁਆਰਾ ਬਿਆਨ ਕਰਦਾ ਲਿਖਦਾ ਹੈ

ਪੈ ਗਈਆਂ ਮੁਸੀਬਤਾਂ
ਅਸੀਂ ਹੜ੍ਹਾਂ ਵਿੱਚ ਘਿਰੇ ਹਾਂ
ਸਵੇਰੇ ਸੀ ਆਕਾਸ਼ਾਂ ਵਿੱਚ
ਸ਼ਾਮੀ ਧਰਤੀ ਤੇ ਗਿਰੇ ਹਾਂ
ਨਹੀਂ ਸੀ ਪਤਾ ਸਾਨੂੰ
ਮੁਸੀਬਤ ਇੰਨੀ ਵੱਡੀ ਆਉਗੀ ਬੇਵਕਤੀ ਚ ਸੁੱਤਿਆਂ ਨੂੰ
ਹਲੂਣ ਕੇ ਜਗਾਊਗੀ
ਜ਼ਿੰਦਗੀ ਦੇ ਬੂਟੇ ਨਾਲੋਂ
ਬੇਮੌਸਮੇ ਗਿਰੇ ਹਾਂ
ਪੈ ਗਈਆਂ ਮੁਸੀਬਤਾਂ
ਅਸੀਂ ਹੜ੍ਹਾਂ ਵਿੱਚ ਘਿਰੇ ਹਾਂ
ਸਵੇਰੇ ਸੀ ਆਕਾਸ਼ਾਂ ਵਿੱਚ
ਸ਼ਾਮੀ ਧਰਤੀ ਤੇ ਗਿਰੇ ਹਾਂ


ਹੜ੍ਹਾਂ ਵਿੱਚ ਘਿਰੀ ਹੋਈ ਸਮੁੱਚੀ ਮਾਨਵਤਾ ਦੇ ਦੁੱਖ ਦਰਦ ਨੂੰ ਇਸ ਕਵਿਤਾ ਦੁਆਰਾ ਰੂਪਾਣਾ ਜੀ ਨੇ ਬਖੂਬੀ ਬਿਆਨ ਕੀਤਾ ਹੈ ਹੜ੍ਹਾਂ ਦੀ ਮਾਰ ਵਿੱਚ ਘਿਰੀ ਹੋਈ ਮਾਨਵਤਾ ਜਦੋਂ ਆਪਣੇ ਬਚਾਵ ਲਈ ਯਤਨ ਕਰਦੀ ਹੋਈ ਆਪਣੇ ਬਚਾਵ ਦੇ ਉਪਰਾਲੇ ਕਰਦੀ ਹੈ ਤਾਂ ਉਸ ਵਕਤ ਦੇ ਮਾਹੌਲ ਨੂੰ ਵੇਖਦਿਆਂ ਹੋਇਆਂ ਰੂਪਾਣਾ ਦੀ ਕਲਮ ਲਿਖਦੀ ਹੈ

ਸਾਡੇ ਹੌਸਲੇ ਬੁਲੰਦ ਸੱਜਣਾ
ਜੰਗ ਹੜ੍ਹਾਂ ਦੀ ਜਿੱਤਣ ਚੱਲੇ
ਸਾਰੇ ਇੱਕ ਮਿੱਟ ਹੋ ਗਏ ਹਾਂ
ਕਦੋਂ ਰਹਿਨੇ ਕੱਲੇ ਕੱਲੇ
ਅਰਦਾਸਾਂ ਘਰ ਘਰ ਹੋਈਆਂ ਵਾਹਿਗੁਰੂ ਚੱਤੇ ਪੈਹਿਰ ਧਿਆਇਆ
ਇਸ ਭਿਆਨਕ ਆਫਤ ਨੂੰ
ਹੱਥ ਕਰੜਾ ਕਰਕੇ ਪਾਇਆ
ਭੰਨਣਾ ਮੂੰਹ ਇਸ ਚੰਦਰੀ ਦਾ
ਪਾ ਦੇਣੇ ਇਸ ਦੇ ਲਲੇ
ਸਾਡੇ ਹੌਸਲੇ ਬੁਲੰਦ ਸੱਜਣਾ
ਜੰਗ ਹੜ੍ਹਾਂ ਦੀ ਜਿੱਤਣ ਚੱਲੇ
ਸਾਰੇ ਇਕ ਮਿਕ ਹੋ ਗਏ ਹਾਂ
ਘਰੋ ਨੀ ਤੁਰੇ ਇਕੱਲੇ

ਸਰਮਾਏਦਾਰੀ ਨਿਜ਼ਾਮ ਵੱਲੋਂ ਵੱਡੀਆਂ ਵੱਡੀਆਂ ਫੈਕਟਰੀਆਂ ਦਾ ਗੰਦਾ ਪਾਣੀ ਸਤਲੁਜ ਵਿੱਚ ਮਿਲਾਇਆ ਜਾ ਰਿਹਾ ਹੈ ਸਤਲੁਜ ਦਰਿਆ ਦੀ ਮਨੋ ਦਿਸ਼ਾ ਸਤਲੁਜ ਦਾ ਪਾਣੀ ਰਚਨਾ ਦੁਆਰਾ ਰੂਪਾਣਾ ਜੀ ਨੇ ਬਹੁਤ ਹੀ ਵਧੀਆ ਬਿਆਨ ਕੀਤੀ ਹੈ ਜਿੰਦਗੀ ਜਿਉਂਦਾ ਜਾਹ ਰਚਨਾ ਦੁਆਰਾ ਰੂਪਾਣਾ ਜੀ ਨੇ ਸਮੁੱਚੀ ਮਾਨਵਤਾ ਨੂੰ ਏਕਤਾ ਸਦਭਾਵਨਾ ਅਤੇ ਆਪਸੀ ਭਾਈਚਾਰੇ ਦਾ ਸੰਦੇਸ਼ ਦਿੱਤਾ ਹੈ ਪੱਤ ਝੜ੍ਹ ਦੇ ਰੁੱਖ ਬੇਸ਼ਕੀਮਤੀ ਰਚਨਾ ਹੈ ਰਿਸ਼ਤੇ ਧੋਖੇਬਾਜਾਂ ਦੇ ਬਹੁਤ ਹੀ ਮਿਆਰੀ ਸਿਰਜਣਾ ਹੈ ਸਰਕਾਰਾਂ ਦੀ ਕਾਰਗੁਜ਼ਾਰੀ ਬਹੁਤ ਵਧੀਆ ਰਚਨਾ ਹੈ ਅਤੇ ਮੇਰਾ ਪਿੰਡ ਰਚਨਾ ਦੁਆਰਾ ਲੇਖਕ ਨੇ ਆਪਣੇ ਪਿੰਡ ਨੂੰ ਯਾਦ ਕਰਦਿਆਂ ਹੋਇਆਂ ਆਪਣਾ ਬਚਪਨ ਯਾਦ ਕੀਤਾ ਹੈ ਇਸ ਵਿੱਚ ਲੇਖਕ ਨੇ ਆਪਣੇ ਪਿੰਡ ਪ੍ਰਤੀ ਆਪਣਾ ਮਨਾ ਮੂਹੀ ਪਿਆਰ ਦਾ ਖੁੱਲ ਕੇ ਵਰਨਨ ਕੀਤਾ ਹੈ ਰੱਬ ਦਾ ਸਿਸਟਮ ਹਾਲਾਤ ਬੁਢਾਪੇ ਦਾ ਜੀਵਨ ਬਹੁਤ ਹੀ ਵਧੀਆ ਰਚਨਾਵਾਂ ਹਨ ਠੰਡਾ ਬੁਰਜ ਰਚਨਾ ਬਹੁਤ ਹੀ ਭਾਵ ਪੂਰਵਕ ਹੈ ਜਿਸ ਨੂੰ ਪੜ੍ਹ ਕੇ ਪਾਠਕ ਗੁਰ ਇਤਿਹਾਸ ਨਾਲ ਜੁੜਦਾ ਹੈ ਅਤੇ ਠੰਡੇ ਬੁਰਜ ਵਿੱਚ ਬੈਠੇ ਹੋਏ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਦੇ ਸਾਕਸ਼ਾਤ ਦਰਸ਼ਨ ਹੋ ਜਾਂਦੇ ਹਨ ਹਵਾਵਾਂ ਦਿਵਾਲੀ ਲਿਖਾਰੀ ਸਲੀਕਾ ਬਹੁਤ ਹੀ ਵਧੀਆ ਕਵਿਤਾਵਾਂ ਹਨ ਬਹੁਤ ਹੀ ਭਾਵਪੂਰਵਕ ਹਨ ਵਧੀਆ ਸੰਦੇਸ਼ ਦੇ ਰਹੀਆਂ ਹਨ ਅਤੇ ਨੁਕਤਾਚੀਨੀ ਰਚਨਾਂ ਦੁਆਰਾ ਲੇਖਕ ਆਪਣੇ ਮਨ ਨਾਲ ਗੱਲ ਕਰਦਾ ਹੈ ਅਤੇ ਆਪਣੇ ਮਨ ਨੂੰ ਸਮਝਾਉਂਦਾ ਹੈ ਕਿ ਕਿਸੇ ਨੂੰ ਸਮਝਾਉਣ ਨਾਲੋਂ ਤੂੰ ਆਪ ਹੀ ਸਮਝ ਅਤੇ ਕੁਝ ਚੰਗਾ ਕਰਨ ਦੀ ਕੋਸ਼ਿਸ਼ ਕਰ ਕਿਸੇ ਤੇ ਮਸ਼ਵਰਾ ਠੋਕਿਆ ਨਾ ਕਰ ਕਿਸੇ ਨੂੰ ਚੰਗਾ ਕਰਨ ਤੋਂ ਰੋਕਿਆ ਨਾ ਕਰ ਸੱਚ ਕਿਸੇ ਨੂੰ ਪਰੋਸਿਆ ਨਾ ਕਰ ਮੁੱਦਿਆਂ ਉੱਤੇ ਬਹੁਤਾ ਸੋਚਿਆ ਨਾ ਕਰ ਦੂਜਿਆਂ ਦੇ ਜਖਮ ਸੋਚਿਆ ਨਾ ਕਰ ਨੁਕਤਾਚੀਨੀ ਕਵਿਤਾ ਬਹੁਤ ਹੀ ਪਿਆਰੀ ਹੈ ਔਕਾਤ ਇੰਦਰ ਦੇਵਤਾ ਰਹਿਮ ਕਰੋ ਡੁੱਬਦਾ ਪੰਜਾਬ ਹੱਲਾਸ਼ੇਰੀ ਮਿਹਰ ਸੁਫਨੇ ਚਕਨਾ ਚੂਰ ਇਹ ਸਾਰੀਆਂ ਹੀ ਰਚਨਾਵਾਂ ਵਿੱਚ ਲੇਖਕ ਕੁਦਰਤੀ ਤੌਰ ਤੇ ਵਾਪਰਨ ਵਾਲੀਆਂ ਅਣਸੁਖਾਵੀਆਂ ਘਟਨਾਵਾਂ ਤੋਂ ਪਰੇਸ਼ਾਨ ਆਪਣੇ ਮਨ ਦੀ ਦਿਸ਼ਾ ਨੂੰ ਬਿਆਨ ਕਰਦਾ ਹੈ ਪੰਜ ਆਬਾ ਦੀ ਰਾਣੀ ਕਵਿਤਾ ਬਹੁਤ ਹੀ ਅਨਮੋਲ ਅਤੇ ਬੇਸ਼ਕੀਮਤੀ ਹੈ ਜਾਗਦੀਆਂ ਅੱਖਾਂ ਕਵਿਤਾ ਵੀ ਬਹੁਤ ਪਿਆਰੀ ਹੈ ਕੰਨਿਆ ਦਾ ਵਿਆਹ ਰਹਿਮ ਜੋਕਾਂ ਸੋਚ ਆਸਥਾ ਹੋਣੀ ਅੱਜ ਦੇ ਮਨੁੱਖ ਦੀ ਜਨਮ ਭੋਏ ਪੰਜਾਬ ਰਜ਼ਾ ਸਿਰਨਾਵਾਂ ਅਜਨਬੀ ਕਲਮਾਂ ਸਹਿਤਕਾਰੀ ਦੋਸਤ ਸਾਰੀਆਂ ਹੀ ਰਚਨਾਵਾਂ ਇੱਕ ਤੋਂ ਇੱਕ ਵੱਧ ਕੇ ਹਨ ਲੇਖਕ ਨੇ ਬਰਫ ਦੇ ਸੇਕ ਟਾਈਟਲ ਨੂੰ ਬਖੂਬੀ ਆਪਣੀ ਕਲਮ ਦੁਆਰਾ ਪੇਸ਼ ਕੀਤਾ ਹੈ ਲੇਖਕ ਅਧਿਆਪਕ ਦੇ ਕਿੱਤੇ ਨਾਲ ਸੰਬੰਧਿਤ ਹੋਣ ਕਾਰਨ ਆਪਣੇ ਆਸ ਪਾਸ ਦੇ ਮਾਹੌਲ ਸਮਾਜਿਕ ਕ੍ਰੀਤੀਆਂ ਅੰਧ ਵਿਸ਼ਵਾਸ ਸਮਾਜ ਵਿੱਚ ਚੱਲ ਰਹੇ ਅਮੀਰੀ ਗਰੀਬੀ ਦੇ ਪਾੜ੍ਹੇ ਸਰਮਾਏਦਾਰ ਨਿਜ਼ਾਮ ਦੀ ਲੁੱਟ ਕਸੁੱਟ ਅਤੇ ਇਸ ਤਰ੍ਹਾਂ ਦੇ ਹੋਰ ਵਿਸ਼ਿਆਂ ਬਾਰੇ ਚੰਗੀ ਤਰ੍ਹਾਂ ਜਾਣਦਾ ਹੈ ਅਤੇ ਆਪਣੀ ਕਲਮ ਦੁਆਰਾ ਇਸ ਸਾਰੇ ਮਾਹੌਲ ਦੀ ਤਰਾਸਦੀ ਲੇਖਕ ਨੇ ਬਖੂਬੀ ਬਿਆਨ ਕੀਤੀ ਹੈ ਬਰਫ ਦਾ ਸੇਕ ਪੁਸਤਕ ਦਾ ਲੇਖਕ ਅਜਾਇਬ ਸਿੰਘ ਰੂਪਾਣਾ ਵਧਾਈ ਦਾ ਪਾਤਰ ਹੈ ਵਿਸ਼ਵ ਸਾਹਿਤਕ ਸਿਤਾਰੇ ਮੰਚ ਤਰਨ ਤਰਨ ਪੰਜਾਬ ਵੱਲੋਂ ਅਸੀਂ ਰੁਪਾਣਾ ਜੀ ਨੂੰ ਬਹੁਤ ਬਹੁਤ ਮੁਬਾਰਕਾਂ ਭੇਜਦੇ ਹਾਂ ਅਤੇ ਆਸ ਕਰਦੇ ਹਾਂ ਕਿ ਰੂਪਣਾ ਜੀ ਜਲਦੀ ਹੀ ਆਪਣੀ ਕਿਸੇ ਹੋਰ ਪੁਸਤਕ ਦੁਆਰਾ ਪਾਠਕਾਂ ਦੀ ਕਚਹਿਰੀ ਵਿੱਚ ਹਾਜ਼ਰ ਹੋਣਗੇ ਰੂਪਾਣਾ ਜੀ ਦੇ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਹੋਏ ਹਾਂ ਬਰਫ ਦਾ ਸੇਕ ਬਹੁਤ ਹੀ ਗਿਆਨ ਵਰਧਕ ਪੁਸਤਕ ਹੈ ਇਸ ਵਿੱਚ ਪੇਸ਼ ਕੀਤੀਆਂ ਹੋਈਆਂ ਪ੍ਰੇਰਨਾ ਦਾਇੱਕ ਰਚਨਾਵਾਂ ਪਾਠਕਾਂ ਦੇ ਹਿਰਦੇ ਤੇ ਗਹਿਰਾ ਅਸਰ ਛੱਡਦੀਆਂ ਹਨ ਹਰ ਇੱਕ ਲੇਖਕ ਨੂੰ ਪਾਠਕ ਨੂੰ ਬੁੱਧੀਜੀਵੀ ਵਰਗ ਨੂੰ ਰੂਪਾਣਾ ਜੀ ਦੀ ਪੁਸਤਕ ਬਰਫ ਦੇ ਸੇਕ ਦਾ ਆਨੰਦ ਮਾਨਣ ਦੀ ਜਰੂਰਤ ਹੈ ਇਸ ਸੇਕ ਨੂੰ ਸੇਕਦਿਆਂ ਹੋਇਆਂ ਪਾਠਕ ਨੂੰ ਬਹੁਤ ਸਾਰਾ ਗਿਆਨ ਪ੍ਰਾਪਤ ਹੁੰਦਾ ਹੈ ਹੈ। ਪਾਠਕ ਦਾ ਤੀਸਰਾ ਨੇਤਰ ਖੁੱਲ ਜਾਂਦਾ ਹੈ ਪਾਠਕ ਆਪਣੇ ਆਪ ਨੂੰ ਖੁੱਲੇ ਬ੍ਰਹਮੰਡ ਵਿੱਚ ਉੜਦਾ ਹੋਇਆ ਮਹਿਸੂਸ ਕਰਦਾ ਹੈ ਪੁਸਤਕ ਪੜ੍ਹਿਆਂ ਪੜ੍ਹਿਆਂ ਸਾਡੇ ਗਿਆਨ ਵਿੱਚ ਜੋ ਵਾਧਾ ਹੋਇਆ ਹੈ ਉਸ ਦਾ ਸ਼ੁਕਰਾਨਾ ਕਰਦੇ ਹੋਏ ਅਕਾਲ ਪੁਰਖ ਵਾਹਿਗੁਰੂ ਅੱਗੇ ਬੇਨਤੀ ਕਰਦੇ ਹਾਂ ਕਿ ਵਾਹਿਗੁਰੂ ਰੂਪਾਣਾ ਜੀ ਨੂੰ ਸੁਮੱਤ ਗਿਆਨ ਧਿਆਨ ਦੀ ਬਖਸ਼ਿਸ਼ ਕਰਨ ਸਿਹਤਯਾਬ ਜੀਵਨ ਬਖਸ਼ਣ ਰੁਪਾਣਾ ਜੀ ਦੀ ਲੰਮੀ ਉਮਰ ਹੋਵੇ ਇਸ ਤਰ੍ਹਾਂ ਸਾਡਾ ਸਭ ਦਾ ਮਾਰਗਦਰਸ਼ਨ ਕਰਦੇ ਰਹਿਣ।।

ਲੇਖਕ : ਹਰਭਜਨ ਸਿੰਘ ਭਗਰੱਥ,
ਵਿਸ਼ਵ ਸਿਤਾਰੇ ਮੰਚ,
ਤਰਨ ਤਾਰਨ।
ਮੋਬਾਇਲ : 9779976307

## "ਭਗਤਾਂ ਦੀ ਪੁਕਾਰ



ਮਾਤਾ ਰਾਣੀ ਦੇ ਦਵਾਰ,
ਆਜੋ ਜਾਈਏ ਨਾਲ ਪਿਆਰ,
ਓਹੋ ਰਹੀ ਹੈ ਪੁਕਾਰ,
ਦੁੱਖੜੇ ਨਿਵਾਰਦੀ।
ਜਿਹੜਾ ਸ਼ਰਧਾ ਨਾਲ ਆਉਂਦਾ,
ਸੱਭ ਨੂੰ ਦੁਲਾਰਦੀ।
ਟਿੱਕਾ ਗੁਲਾਲ ਨਾਲ ਲਾਈਏ,
ਨਾਲ ਮੌਲੀ ਵੀ ਲਿਆਈਏ,
ਭੇਟ ਨਾਰੀਅਲ ਚੜ੍ਹਾਈਏ,
ਹੈ ਸੱਚੀ ਇਹੀ ਰੀਤ ਭਗਤੋ।
ਮਾਂ ਨਾਲ ਸੱਚੇ ਦਿਲੋਂ ਪਾਲੀਏ ਪਰੀਤ ਭਗਤੋ।
ਸਾਰਾ ਜਗਤ ਹੈ ਆਉਂਦਾ,
ਦਰ ਤੇ ਸੀਸ ਹੈ ਝੁਕਾਉਂਦਾ,
ਜੋ ਵੀ ਸੱਚੇ ਦਿਲੋਂ ਆਉਂਦਾ,
ਮਾ ਝੋਲੀਆਂ ਹੈ ਭਰਦੀ।
ਹੋ ਜਾਵੇ ਜੋ ਨਿਹਾਲ ਦੁੱਖੜੇ ਵੀ ਹਰਦੀ।
ਮਾਂ ਨੇ ਆਪ ਹੈ ਬੁਲਾਇਆ,
ਸੀਸ ਚਰਨੀਂ ਟਿਕਾਇਆ,
ਦੱਦਾਹੂਰੀਆ ਹੈ ਆਇਆ,
ਚੜ੍ਹਕੇ ਪਹਾੜੀਆਂ।
ਮਾਂ ਨੇ ਕੀਤੀਆਂ ਨੇ ਪੂਰੀਆਂ,
ਮੁਰਾਦਾਂ ਸਾਰੀਆਂ।

ਜਸਵੀਰ ਸ਼ਰਮਾਂ ਦੱਦਾਹੂਰ
ਸ੍ਰੀ ਮੁਕਤਸਰ ਸਾਹਿਬ
95691-49556

## *ਕੌਣ ਕਹਿੰਦਾ ਮੁੰਡੇ ਰੋਂਦੇ ਨਹੀਂ * (ਗੁਰਜੀਤ ਕੌਰ ਰਾਣੂ..)



ਕੌਣ ਕਹਿੰਦਾ ਮੁੰਡੇ ਰੋ ਨਹੀਂ ਸਕਦੇ ਤੇ ਕਿਓਂ?
ਕੀ ਮੁੰਡਿਆਂ ਅੰਦਰ ਦਿਲ ਨਹੀਂ ਹੁੰਦਾ?
ਕੀ ਉਹਨਾਂ ਦੇ ਜਜਬਾਤ ਨਹੀਂ ਹੁੰਦੇ?
ਤਾਂ ਕਿਓਂ ਮੁੰਡਿਆਂ ਨੂੰ ਪਹਿਲਾਂ ਹੀ ਕਹਿ ਦਿੰਦੇ ਤੂੰ ਮੁੰਡਾ ਤੂੰ ਨਹੀਂ ਰੋਣਾ?
ਕੀ ਮੁੰਡਿਆਂ ਨੂੰ ਰੋਣ ਦਾ ਹੱਕ ਨਹੀਂ?
ਕੀ ਉਹ ਆਪਣੀਆਂ ਭਾਵਨਾਵਾਂ ਨੂੰ ਹੰਝੂਆਂ ਰਾਹੀਂ ਦਰਸਾ ਨਹੀਂ ਸਕਦੇ?
ਮੈਂ ਰੋਂਦੇ ਵੇਖਿਆ ਮੁੰਡਿਆਂ ਨੂੰ ਜਿਨ੍ਹਾਂ ਨੇ ਜਵਾਨੀ ਤੋਂ ਪਹਿਲਾਂ ਹੀ ਆਪਣੇ ਮਾਪਿਆਂ ਦੀ ਅਰਥੀ ਨੂੰ ਮੋਢਿਆਂ ਤੇ ਚੁਕਿਆ..?
ਰੋਂਦੇ ਵੇਖੇ ਉਹ ਭਰਾ ਜਿਨ੍ਹਾਂ ਦੇ ਗੁੱਟ ਹਰ ਸਾਲ ਰੱਖੜੀ ਤੋਂ ਬਿਨਾਂ ਖਾਲੀ ਰਹਿ ਜਾਂਦੇ..!!
ਹਾਂ ਮੈਂ ਰੋਂਦੇ ਦੇਖੇ ਉਹ ਜਿਨ੍ਹਾਂ ਕੋਲ ਆਪਣੇ ਵਿਆਹ ਵੇਲੇ ਮਾਂ ਬਾਪ ਦਾ ਸਿਰ ਤੇ ਹੱਥ ਨਹੀਂ ਹੁੰਦਾ....!
ਰੋਂਦੇ ਦੇਖੇ ਉਹ ਮੁੰਡੇ ਜੋ ਸੱਜ ਵਿਆਹੀ ਨੂੰ ਚੁੱਪ ਕਰੌਂਦੇ ਵੀ ਰੋਂਦੇ...!!
ਮਾਵਾਂ ਦੀ ਬੁੱਕਲ ਚ ਪੈ ਰੋਂਦੇ ਦੇਖੇ ਉਹ ਮੁੰਡੇ ਜਿਨ੍ਹਾਂ ਦੇ ਸਿਰ ਤੋਂ ਪਿਓ ਦਾ ਸਾਇਆ ਉੱਠ ਜਾਂਦਾ...!
ਰੋ ਪੈਂਦੇ ਉਹ ਮੁੰਡੇ ਜਿਨ੍ਹਾਂ ਖਾਧੀ ਪਿਆਰ ਚ ਠੋਕਰ ਹੁੰਦੀ,
ਰੋਂਦੇ ਵੇਖੇ ਉਹ ਮੁੰਡੇ ਜਿਨ੍ਹਾਂ ਲਾਡਾਂ ਨਾਲ ਪਾਲੀ ਭੈਣ ਨੂੰ ਵਿਦਾ ਕੀਤਾ...!!
ਮੁੰਡਿਆਂ ਦਾ ਵੀ ਦਿਲ ਆ, ਕੁੜੀਆਂ ਨੂੰ ਹੀ ਹੱਕ ਨਹੀਂ ਕੀ ਉਹ ਛੋਟੀ ਜਹੀ ਸੱਟ ਵੱਜੀ ਤੋਂ ਰੋਣ ਲੱਗਣ,,
ਹਾਂ ਮੁੰਡੇ ਕਠੋਰ ਹੋ ਜਾਂਦੇ, ਹਲਾਤਾਂ ਨਾਲ ਲੜ ਲੜ ਕੇ ਜਾਂ ਫਿਰ ਨਿੱਕੇ ਹੁੰਦਿਆਂ ਤੋਂ ਇਹ ਸੁਣ ਕੇ ਕੀ ਮੁੰਡੇ ਨਹੀਂ ਰੋਂਦੇ ਹੁੰਦੇ....

ਗੁਰਜੀਤ ਕੌਰ ਰਾਣੂ..

**ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ**

# ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਰਾਹੁਲ ਗਾਂਧੀ ਨਾਲ ਵਾਪਰੀ ਘਟਨਾ ਬਾਰੇ ਬਹੁਤ ਸਖ਼ਤ ਬਿਆਨ ਦਿੱਤਾ ਹੈ

## "ਮੈਂ ਸਿੱਖਾਂ ਦੇ ਕਾਤਲ ਪਰਿਵਾਰ ਨਾਲ ਹੱਥ ਨਹੀਂ ਮਿਲਾਉਂਦਾ"



ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ

ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਹਾਲ ਹੀ ਵਿੱਚ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨਾਲ ਵਾਪਰੀ ਘਟਨਾ ਬਾਰੇ ਬਹੁਤ ਸਖ਼ਤ ਬਿਆਨ ਦਿੱਤਾ ਹੈ। ਉਨ੍ਹਾਂ ਨੇ ਸਾਫ਼ ਕਿਹਾ ਹੈ ਕਿ "ਮੈਂ ਸਿੱਖਾਂ ਦੇ ਕਾਤਲ ਪਰਿਵਾਰ ਨਾਲ ਹੱਥ ਨਹੀਂ ਮਿਲਾਉਂਦਾ"। ਇਹ ਬਿਆਨ ਉਸ ਸਮੇਂ ਆਇਆ ਜਦੋਂ ਰਾਹੁਲ ਗਾਂਧੀ ਨੇ ਸੰਸਦ ਵਿੱਚ ਰਵਨੀਤ ਬਿੱਟੂ ਨੂੰ 'ਗੱਦਾਰ' ਕਹਿ ਕੇ ਸੰਬੋਧਨ ਕੀਤਾ ਅਤੇ ਫਿਰ ਹੱਥ ਮਿਲਾਉਣ ਦੀ ਕੋਸ਼ਿਸ਼ ਕੀਤੀ। ਬਿੱਟੂ ਨੇ ਇਸ ਨੂੰ ਰੱਦ ਕਰਦਿਆਂ ਗਾਂਧੀ ਪਰਿਵਾਰ 'ਤੇ ਗੰਭੀਰ ਇਲਜ਼ਾਮ ਲਗਾਏ ਹਨ। ਉਨ੍ਹਾਂ ਅਨੁਸਾਰ ਗਾਂਧੀ ਪਰਿਵਾਰ ਹੀ ਸਿੱਖਾਂ ਦੇ ਅਪਮਾਨ ਅਤੇ ਪੰਜਾਬ ਵਿੱਚ ਵਾਪਰੇ ਖ਼ੂਨ-ਖਰਾਬੇ ਲਈ ਜ਼ਿੰਮੇਵਾਰ ਹੈ।

ਰਵਨੀਤ ਬਿੱਟੂ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਗਾਂਧੀ ਪਰਿਵਾਰ ਨੇ ਸਿੱਖ ਕੌਮ ਨੂੰ ਬਹੁਤ ਨੁਕਸਾਨ ਪਹੁੰਚਾਇਆ ਹੈ। ਉਨ੍ਹਾਂ ਦੇ ਸ਼ਾਸਨ ਕਾਲ ਵਿੱਚ ਪੰਜਾਬ ਵਿੱਚ ਬਹੁਤ ਖ਼ੂਨ ਬਹਾਇਆ ਗਿਆ। ਸਿੱਖਾਂ ਦੇ ਪਵਿੱਤਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਤੇ ਗੋਲੀਆਂ ਚਲਾਈਆਂ ਗਈਆਂ ਅਤੇ ਮਾਸੂਮ ਸਿੱਖਾਂ ਦੀਆਂ ਜਾਨਾਂ ਲਈਆਂ ਗਈਆਂ। ਉਹ 1984 ਦੇ ਸਿੱਖ ਵਿਰੋਧੀ ਦੰਗਿਆਂ ਅਤੇ ਆਪ੍ਰੇਸ਼ਨ ਬਲੂ ਸਟਾਰ ਵਰਗੀਆਂ ਘਟਨਾਵਾਂ ਵੱਲ ਇਸ਼ਾਰਾ ਕਰ ਰਹੇ ਹਨ ਜਿਨ੍ਹਾਂ ਨੂੰ ਸਿੱਖ ਕੌਮ ਅੱਜ ਵੀ ਬਹੁਤ ਦਰਦ ਨਾਲ ਯਾਦ ਕਰਦੀ ਹੈ। ਬਿੱਟੂ ਨੇ ਕਿਹਾ ਕਿ ਜਦੋਂ ਉਹ ਕਾਂਗਰਸ ਵਿੱਚ ਸਨ ਤਾਂ ਉਨ੍ਹਾਂ ਨੂੰ ਬੇਅੰਤ ਸਿੰਘ ਦਾ ਪੋਤਾ ਹੋਣ ਕਾਰਨ 'ਸ਼ਹੀਦ ਦਾ ਪੋਤਾ' ਕਿਹਾ ਜਾਂਦਾ ਸੀ ਪਰ ਜਿਵੇਂ ਹੀ ਉਹ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਏ ਤਾਂ ਉਹੀ ਲੋਕ ਉਨ੍ਹਾਂ ਨੂੰ 'ਗੱਦਾਰ' ਕਹਿਣ ਲੱਗ ਪਏ।

ਉਨ੍ਹਾਂ ਨੇ ਆਪਣੇ ਪਰਿਵਾਰ ਦੀਆਂ ਕੁਰਬਾਨੀਆਂ ਦਾ ਜ਼ਿਕਰ ਕੀਤਾ। ਬਿੱਟੂ ਦੇ ਦਾਦਾ ਬੇਅੰਤ ਸਿੰਘ ਪੰਜਾਬ ਦੇ ਮੁੱਖ ਮੰਤਰੀ ਰਹੇ ਅਤੇ ਉਨ੍ਹਾਂ ਨੂੰ ਰਾਜੀਵ ਗਾਂਧੀ ਦੇ ਸਮੇਂ ਵਿੱਚ ਸ਼ਹੀਦ ਕੀਤਾ ਗਿਆ। ਉਹ ਕਹਿੰਦੇ ਹਨ ਕਿ ਕਾਂਗਰਸ ਨੂੰ ਬੇਅੰਤ ਸਿੰਘ ਨੂੰ ਸ਼ਹੀਦ ਮੰਨਣ ਵਿੱਚ ਤਕਲੀਫ਼ ਹੁੰਦੀ ਹੈ ਜਦਕਿ ਉਨ੍ਹਾਂ ਦਾ ਪਰਿਵਾਰ ਦੇਸ਼ ਲਈ ਵੱਡੀਆਂ ਕੁਰਬਾਨੀਆਂ ਦੇ ਚੁੱਕਾ ਹੈ। ਰਵਨੀਤ ਬਿੱਟੂ ਨੇ ਰਾਹੁਲ ਗਾਂਧੀ ਨੂੰ ਦੇਸ਼ ਦਾ ਦੁਸ਼ਮਣ ਵੀ ਕਿਹਾ ਅਤੇ ਉਨ੍ਹਾਂ 'ਤੇ ਦੇਸ਼ ਵਿਰੋਧੀ ਬਿਆਨਬਾਜ਼ੀ ਦੇ ਇਲਜ਼ਾਮ ਲਗਾਏ। ਉਨ੍ਹਾਂ ਦਾ ਕਹਿਣਾ ਹੈ ਕਿ ਜੋ ਲੋਕ ਖੁਦ ਦੇਸ਼ ਵਿਰੁੱਧ ਬੋਲਦੇ ਹਨ ਉਹ ਹੀ ਦੂਜਿਆਂ ਨੂੰ ਗੱਦਾਰ ਕਹਿੰਦੇ ਹਨ ਜੋ ਬਹੁਤ ਵੱਡੀ ਵਿਰੋਧਾਭਾਸ ਹੈ।

# ਅੰਮ੍ਰਿਤਸਰ ਦੇ ਗੁਰਦੁਆਰਾ ਸ਼ਹੀਦ ਗੰਜ ਵਿਖੇ ਸੰਗਤ ਨੂੰ ਮੋਹਰ ਲੱਗੇ ਨੋਟ ਵੰਡਣ ਦਾ ਮਾਮਲਾ ਤਾਜ਼ਾ ਖਬਰਾਂ ਵਿੱਚ ਛਾਇਆ ਹੋਇਆ ਹੈ


## ਇਹ ਘਟਨਾ ਚਾਟੀਵਿੰਡ ਚੌਕ ਨੇੜੇ ਸਥਿਤ ਇਸ ਐਤਿਹਾਸਕ ਗੁਰਦੁਆਰੇ ਨਾਲ ਜੁੜੀ ਹੈ,




ਅੰਮ੍ਰਿਤਸਰ ਦੇ ਗੁਰਦੁਆਰਾ ਸ਼ਹੀਦ ਗੰਜ ਵਿਖੇ ਸੰਗਤ ਨੂੰ ਮੋਹਰ ਲੱਗੇ ਨੋਟ ਵੰਡਣ ਦਾ ਮਾਮਲਾ ਤਾਜ਼ਾ ਖਬਰਾਂ ਵਿੱਚ ਛਾਇਆ ਹੋਇਆ ਹੈ। ਇਹ ਘਟਨਾ ਚਾਟੀਵਿੰਡ ਚੌਕ ਨੇੜੇ ਸਥਿਤ ਇਸ ਐਤਿਹਾਸਕ ਗੁਰਦੁਆਰੇ ਨਾਲ ਜੁੜੀ ਹੈ, ਜਿੱਥੇ ਬਾਬਾ ਦੀਪ ਸਿੰਘ ਜੀ ਦੀ ਸ਼ਹਾਦਤ ਨੂੰ ਯਾਦ ਕੀਤਾ ਜਾਂਦਾ ਹੈ। ਖਬਰ ਅਨੁਸਾਰ ਕੁਝ ਲੋਕਾਂ ਨੇ ਅਸਲੀ ਭਾਰਤੀ ਕਰੰਸੀ ਨੋਟਾਂ ਉੱਤੇ 'ਸੇਵਕ ਜਥਾ ਇਸ਼ਨਾਨ' ਜਾਂ ਖਜ਼ਾਨੇ ਵਾਲੀ ਮੋਹਰ ਲਗਾ ਕੇ ਉਨ੍ਹਾਂ ਨੂੰ 'ਖਜ਼ਾਨਾ' ਜਾਂ ਬਰਕਤ ਵਜੋਂ ਸ਼ਰਧਾਲੂਆਂ ਵਿੱਚ ਵੰਡਿਆ। ਇਹ ਕੰਮ ਪਿਛਲੇ ਕੁਝ ਦਿਨਾਂ ਤੋਂ ਚੱਲ ਰਿਹਾ ਸੀ ਅਤੇ ਹੁਣ ਸੋਸ਼ਲ ਮੀਡੀਆ ਉੱਤੇ ਵੀਡੀਓ ਤੇ ਤਸਵੀਰਾਂ ਵਾਇਰਲ ਹੋ ਗਈਆਂ ਹਨ।ਇਸ ਨਾਲ ਸੰਗਤ ਵਿੱਚ ਭਾਰੀ ਉਤਸ਼ਾਹ ਪੈਦਾ ਹੋਇਆ ਅਤੇ ਬਹੁਤ ਸਾਰੇ ਸ਼ਰਧਾਲੂ ਗੁਰਦੁਆਰੇ ਪਹੁੰਚ ਕੇ ਇਸ ਤਰ੍ਹਾਂ ਦੇ ਨੋਟ ਮੰਗਣ ਲੱਗੇ। ਪਰ ਗੁਰਦੁਆਰਾ ਪ੍ਰਬੰਧਕਾਂ ਨੇ ਸਖ਼ਤ ਸਪੱਸ਼ਟ ਕੀਤਾ ਕਿ ਗੁਰੂ ਘਰਾਂ ਵਿੱਚ ਅਜਿਹੇ ਖਜ਼ਾਨਿਆਂ ਜਾਂ ਮੋਹਰ ਲੱਗੇ ਨੋਟਾਂ ਦੀ ਕੋਈ ਮਾਨਤਾ ਨਹੀਂ ਹੈ। ਇਹ ਕੰਮ ਗੁਰਮਤਿ, ਗੁਰਬਾਣੀ ਅਤੇ ਸਿੱਖ ਰਹਿਤ ਮਰਿਆਦਾ ਦੇ ਬਿਲਕੁਲ ਵਿਰੁੱਧ ਹੈ। ਮੈਨੇਜਰ ਜਤਿੰਦਰਪਾਲ ਸਿੰਘ, ਗ੍ਰੰਥੀ ਭਾਈ ਦਇਆ ਸਿੰਘ ਅਤੇ ਭਾਈ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਕੁਝ ਲੋਕ ਸੰਗਤ ਨੂੰ ਗੁੰਮਰਾਹ ਕਰ ਰਹੇ ਹਨ ਅਤੇ ਇਹ ਹਰਕਤਾਂ ਗੁਰੂ ਘਰਾਂ ਦੀ ਪਵਿੱਤਰਤਾ ਨੂੰ ਠੇਸ ਪਹੁੰਚਾਉਂਦੀਆਂ ਹਨ।

ਇਸ ਮਾਮਲੇ ਨੇ ਸਿੱਖ ਸੰਗਤ ਵਿੱਚ ਵੱਡੀ ਚਰਚਾ ਛੇੜ ਦਿੱਤੀ ਹੈ ਕਿਉਂਕਿ ਗੁਰੂ ਘਰਾਂ ਵਿੱਚ ਧਾਰਮਿਕ ਰਸਮਾਂ ਅਤੇ ਮਰਿਆਦਾ ਨੂੰ ਬਹੁਤ ਮਹੱਤਵ ਦਿੱਤਾ ਜਾਂਦਾ ਹੈ। ਅਜਿਹੇ ਕੰਮ ਨਾਲ ਨਾ ਸਿਰਫ਼ ਸੰਗਤ ਭਰਮ ਵਿੱਚ ਪੈ ਸਕਦੀ ਹੈ ਸਗੋਂ ਗੁਰੂ ਦਰਬਾਰ ਦੀ ਇੱਜ਼ਤ ਨੂੰ ਵੀ ਨੁਕਸਾਨ ਪਹੁੰਚਦਾ ਹੈ।ਪ੍ਰੋਫੈਸਰ ਸਰਚੰਦ ਸਿੰਘ ਖਿਆਲਾ ਵਰਗੇ ਵਿਦਵਾਨਾਂ ਨੇ ਵੀ ਇਸ ਨੂੰ ਗੁਰਮਤਿ ਵਿਰੁੱਧ ਦੱਸਿਆ ਹੈ। ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਦੀ ਯਾਦ ਵਿੱਚ ਬਣਿਆ ਹੈ, ਜਿਨ੍ਹਾਂ ਨੇ 1757 ਵਿੱਚ ਅਹਿਮਦ ਸ਼ਾਹ ਅਬਦਾਲੀ ਵਿਰੁੱਧ ਲੜਾਈ ਵਿੱਚ ਸਿਰਲੱਥ ਹੋ ਕੇ ਵੀ ਲੜਾਈ ਜਾਰੀ ਰੱਖੀ ਸੀ। ਇਸ ਥਾਂ ਦੀ ਪਵਿੱਤਰਤਾ ਨੂੰ ਬਣਾਈ ਰੱਖਣ ਲਈ ਪ੍ਰਬੰਧਕਾਂ ਨੇ ਸੰਗਤ ਨੂੰ ਅਪੀਲ ਕੀਤੀ ਹੈ ਕਿ ਅਜਿਹੇ ਝੂਠੇ ਖਜ਼ਾਨਿਆਂ ਤੋਂ ਬਚਣ ਅਤੇ ਸਿਰਫ਼ ਗੁਰਬਾਣੀ ਅਤੇ ਸੇਵਾ ਭਾਵਨਾ ਨਾਲ ਜੁੜੇ ਰਹਿਣ।

# ਹਾਲ ਹੀ 'ਚ ਰਾਜਸਥਾਨ ਪੁਲਿਸ ਨੇ ਇੱਕ ਵੱਡੀ ਸ਼ਰਾਬ ਤਸਕਰੀ ਦੀ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ ਹੈ।




ਹਾਲ ਹੀ 'ਚ ਰਾਜਸਥਾਨ ਪੁਲਿਸ ਨੇ ਇੱਕ ਵੱਡੀ ਸ਼ਰਾਬ ਤਸਕਰੀ ਦੀ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ ਹੈ। ਲੁਧਿਆਣਾ (ਪੰਜਾਬ) ਤੋਂ ਗੁਜਰਾਤ ਵੱਲ ਜਾ ਰਿਹਾ ਇੱਕ ਟਰੱਕ-ਟਰੇਲਰ, ਜਿਸ 'ਚ ਪੰਜਾਬ ਵਿੱਚ ਬਣਾਈ ਗਈ ਅੰਗਰੇਜ਼ੀ ਸ਼ਰਾਬ ਨਾਲ ਭਰੀ ਹੋਈ ਸੀ, ਨੂੰ ਹਨੂੰਮਾਨਗੜ੍ਹ ਜ਼ਿਲ੍ਹੇ ਦੇ ਭਾਰਤਮਾਲਾ ਪ੍ਰੋਜੈਕਟ ਰੂਟ 'ਤੇ ਪਿੰਡ ਧੀਰਦੇਸਰ ਦੇ ਨੇੜੇ ਜ਼ਬਤ ਕਰ ਲਿਆ ਗਿਆ। ਇਹ ਵਾਹਨ ਬਿਨਾਂ ਕਿਸੇ ਪਰਮਿਟ ਜਾਂ ਲਾਇਸੰਸ ਦੇ ਚੱਲ ਰਿਹਾ ਸੀ ਅਤੇ ਇਸ 'ਚ ਕੁੱਲ 1,503 ਕਾਰਟਨ ਅੰਗਰੇਜ਼ੀ ਸ਼ਰਾਬ ਬਰਾਮਦ ਹੋਈ। ਬਰਾਮਦ ਸ਼ਰਾਬ ਵਿੱਚ ਰਾਇਲ ਚੈਲੰਜ, ਰਾਇਲ ਸਟੈਗ ਅਤੇ ਆਲ ਸੀਜ਼ਨਜ਼ ਵਰਗੇ ਮਸ਼ਹੂਰ ਬ੍ਰਾਂਡ ਸ਼ਾਮਲ ਸਨ।

ਪੁਲਿਸ ਸੁਪਰਡੈਂਟ ਹਰੀ ਸ਼ੰਕਰ ਨੇ ਦੱਸਿਆ ਕਿ ਪੱਲੂ ਥਾਣੇ ਅਤੇ ਜ਼ਿਲ੍ਹਾ ਸਪੇਸ਼ਲ ਟੀਮ (DST) ਦੀ ਸਾਂਝੀ ਟੀਮ ਨੇ ਸ਼ੱਕੀ ਵਾਹਨ ਨੂੰ ਰੋਕ ਕੇ ਛਾਣਬੀਣ ਕੀਤੀ। ਛਾਣਬੀਣ ਦੌਰਾਨ ਟਰੱਕ 'ਚ ਸਿਰਫ਼ ਸ਼ਰਾਬ ਦੇ ਕਾਰਟਨ ਹੀ ਮਿਲੇ, ਕੋਈ ਹੋਰ ਮਾਲ ਨਹੀਂ ਸੀ। ਡਰਾਈਵਰ ਪ੍ਰਕਾਸ਼ ਕੁਮਾਰ ਬਿਸ਼ਨੋਈ (22 ਸਾਲ), ਜੋ ਜਲੋਰ ਜ਼ਿਲ੍ਹੇ ਦੇ ਵਡਾਨੀਆਂ ਦਾ ਰਹਿਣ ਵਾਲਾ ਹੈ, ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਐਕਸਾਈਜ਼ ਐਕਟ ਤਹਿਤ ਕੇਸ ਦਰਜ ਕੀਤਾ ਗਿਆ। ਡਰਾਈਵਰ ਕੋਲ ਕੋਈ ਬਿੱਲ ਜਾਂ ਦਸਤਾਵੇਜ਼ ਨਹੀਂ ਸਨ।ਜਾਂਚ ਤੋਂ ਪਤਾ ਲੱਗਾ ਹੈ ਕਿ ਸ਼ਰਾਬ ਪੰਜਾਬ ਵਿੱਚ ਬਣਾਈ ਗਈ ਸੀ ਪਰ ਬੋਤਲਾਂ 'ਤੇ ਅਸਲ ਬੈਚ ਮਾਰਕ ਹਟਾ ਕੇ ਨਕਲੀ ਲੇਬਲ ਲਾਏ ਗਏ ਸਨ। ਗੁਜਰਾਤ ਦੇ ਤਸਕਰਾਂ ਨੇ ਪੰਜਾਬ ਦੇ ਕਿਸੇ ਸ਼ਰਾਬ ਠੇਕੇਦਾਰ ਨਾਲ ਸੰਪਰਕ ਕਰਕੇ ਇਹ ਵੱਡੀ ਮਾਤਰਾ 'ਚ ਸ਼ਰਾਬ ਮੰਗਵਾਈ ਸੀ। ਡਰਾਈਵਰ ਨੂੰ ਥੋੜ੍ਹੀ ਜਿਹੀ ਰਕਮ ਦੇ ਕੇ ਲੁਭਾਇਆ ਗਿਆ ਸੀ। ਲੁਧਿਆਣਾ 'ਚ ਅਣਪਛਾਤੀ ਜਗ੍ਹਾ 'ਤੇ ਟਰੱਕ ਲੋਡ ਕੀਤਾ ਗਿਆ ਅਤੇ ਰਾਜਸਥਾਨ-ਗੁਜਰਾਤ ਬਾਰਡਰ ਨੇੜੇ ਅਗਲੀਆਂ ਹਦਾਇਤਾਂ ਲੈਣੀਆਂ ਸਨ। ਡਰਾਈਵਰ ਦੇ ਮੋਬਾਈਲ 'ਚ ਇੱਕ ਸ਼ੱਕੀ ਨੰਬਰ ਮਿਲਿਆ ਹੈ ਜਿਸ ਨੂੰ ਟਰੈਕ ਕੀਤਾ ਜਾ ਰਿਹਾ ਹੈ ਤਾਂ ਜੋ ਅਸਲ ਤਸਕਰਾਂ ਤੱਕ ਪਹੁੰਚਿਆ ਜਾ ਸਕੇ।


# ਦੋ ਮੈਡੀਕਲ ਸਟੋਰਾਂ ਤੋਂ ਪਾਬੰਦੀਸ਼ੁਦਾ ਨਸ਼ੀਲੀਆਂ ਦਵਾਈਆਂ ਬਰਾਮਦ ਕੀਤੀਆਂ ਗਈਆਂ ਹਨ



ਫਿਰੋਜ਼ਪੁਰ-ਫਾਜ਼ਿਲਕਾ-ਅਬੋਹਰ ਖੇਤਰ ਵਿੱਚ ਨਸ਼ਿਆਂ ਵਿਰੁੱਧ ਚੱਲ ਰਹੀ ਸਖ਼ਤ ਮੁਹਿੰਮ ਦੇ ਤਹਿਤ ਜ਼ਿਲ੍ਹਾ ਡਰੱਗ ਇੰਸਪੈਕਟਰ ਸੋਨੀਆ ਗੁਪਤਾ ਨੇ ਵੱਡੀ ਕਾਰਵਾਈ ਕੀਤੀ ਹੈ। ਗੁਰੂਹਰਸਹਾਏ ਇਲਾਕੇ ਵਿੱਚ ਦੋ ਮੈਡੀਕਲ ਸਟੋਰਾਂ ਤੋਂ ਪਾਬੰਦੀਸ਼ੁਦਾ ਨਸ਼ੀਲੀਆਂ ਦਵਾਈਆਂ ਬਰਾਮਦ ਕੀਤੀਆਂ ਗਈਆਂ ਹਨ। ਇਹ ਕਾਰਵਾਈ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਨੂੰ ਜੜ੍ਹੋਂ ਖਤਮ ਕਰਨ ਲਈ ਚਲਾਈ ਜਾ ਰਹੀ ਮੁਹਿੰਮ ਦਾ ਹਿੱਸਾ ਹੈ।ਜਾਣਕਾਰੀ ਅਨੁਸਾਰ, ਪਿੰਡ ਅਹਿਮਦ ਢੰਡੀ ਵਿੱਚ ਇੱਕ ਮੈਡੀਕਲ ਸਟੋਰ ਤੇ ਛਾਪੇਮਾਰੀ ਦੌਰਾਨ 1586 ਪਾਬੰਦੀਸ਼ੁਦਾ ਗੋਲੀਆਂ ਅਤੇ 198 ਕੈਪਸੂਲ ਬਰਾਮਦ ਹੋਏ। ਇਸ ਤੋਂ ਇਲਾਵਾ ਪਿੰਡ ਰਾਓ ਕੇ ਹਿਠਾੜ ਵਿੱਚ ਦੂਜੇ ਮੈਡੀਕਲ ਸਟੋਰ ਤੋਂ 1800 ਪ੍ਰੀਗਾਬਾਲਿਨ ਕੈਪਸੂਲ ਜ਼ਬਤ ਕੀਤੇ ਗਏ। ਇਹ ਦਵਾਈਆਂ ਨਸ਼ੀਲੀਆਂ ਅਤੇ ਸਰਕਾਰ ਵੱਲੋਂ ਪਾਬੰਦੀਸ਼ੁਦਾ ਸ਼੍ਰੇਣੀ ਵਿੱਚ ਆਉਂਦੀਆਂ ਹਨ, ਜਿਨ੍ਹਾਂ ਨੂੰ ਬਿਨਾਂ ਪ੍ਰਿਸਕ੍ਰਿਪਸ਼ਨ ਵੇਚਣਾ ਜਾਂ ਸਟਾਕ ਕਰਨਾ ਗੈਰ-ਕਾਨੂੰਨੀ ਹੈ।ਡਰੱਗ ਇੰਸਪੈਕਟਰ ਸੋਨੀਆ ਗੁਪਤਾ ਨੇ ਦੱਸਿਆ ਕਿ ਪਿੰਡ ਅਹਿਮਦ ਢੰਡੀ ਤੋਂ ਮਿਲੀ ਸ਼ਿਕਾਇਤ 'ਤੇ ਕਾਰਵਾਈ ਸ਼ੁਰੂ ਕੀਤੀ ਗਈ ਸੀ। ਛਾਪੇਮਾਰੀ ਦੌਰਾਨ ਇਹ ਨਸ਼ੀਲੀਆਂ ਦਵਾਈਆਂ ਬਰਾਮਦ ਹੋਈਆਂ। ਉਨ੍ਹਾਂ ਕਿਹਾ ਕਿ ਦੋਵੇਂ ਮੈਡੀਕਲ ਸਟੋਰਾਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਅਤੇ ਇਨ੍ਹਾਂ ਦਵਾਈਆਂ ਨੂੰ ਜ਼ਬਤ ਕਰਕੇ ਨਸ਼ਟ ਕੀਤਾ ਜਾਵੇਗਾ। ਇਸ ਮੌਕੇ ਡੀਐੱਸਪੀ ਰਾਜਵੀਰ ਸਿੰਘ ਵੀ ਮੌਜੂਦ ਸਨ। ਉਨ੍ਹਾਂ ਨੇ ਦੱਸਿਆ ਕਿ ਡਰੱਗ ਵਿਭਾਗ ਵੱਲੋਂ ਇਸ ਮੈਡੀਕਲ ਸਟੋਰ ਨੂੰ ਮੌਕੇ 'ਤੇ ਹੀ ਸੀਲ ਕਰ ਦਿੱਤਾ ਗਿਆ ਹੈ।ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਬਹੁਤ ਗੰਭੀਰ ਹੈ ਅਤੇ ਖਾਸ ਕਰਕੇ ਬਾਰਡਰ ਨਾਲ ਲੱਗੇ ਜ਼ਿਲ੍ਹਿਆਂ ਵਿੱਚ ਇਹ ਵਧੇਰੇ ਵਿਗੜ ਚੁੱਕੀ ਹੈ। ਫਿਰੋਜ਼ਪੁਰ, ਫਾਜ਼ਿਲਕਾ ਅਤੇ ਅਬੋਹਰ ਵਰਗੇ ਇਲਾਕਿਆਂ ਵਿੱਚ ਅਕਸਰ ਹੀ ਨਸ਼ੀਲੀਆਂ ਗੋਲੀਆਂ ਜਿਵੇਂ ਟ੍ਰੈਮਾਡੋਲ, ਪ੍ਰੀਗਾਬਾਲਿਨ, ਐਲਪ੍ਰਾਜ਼ੋਲਮ ਆਦਿ ਦੀ ਗੈਰ-ਕਾਨੂੰਨੀ ਵਿਕਰੀ ਦੇ ਮਾਮਲੇ ਸਾਹਮਣੇ ਆਉਂਦੇ ਰਹਿੰਦੇ ਹਨ। ਇਹ ਦਵਾਈਆਂ ਨੌਜਵਾਨਾਂ ਵਿੱਚ ਨਸ਼ੇ ਦੀ ਲਤ ਪੈਦਾ ਕਰਦੀਆਂ ਹਨ ਅਤੇ ਸਿਹਤ ਲਈ ਬਹੁਤ ਖਤਰਨਾਕ ਹੁੰਦੀਆਂ ਹਨ।ਸਰਕਾਰ ਅਤੇ ਪੁਲਿਸ ਵੱਲੋਂ ਚੱਲ ਰਹੀਆਂ ਮੁਹਿੰਮਾਂ ਵਿੱਚ ਡਰੱਗ ਇੰਸਪੈਕਟਰਾਂ ਦੀ ਭੂਮਿਕਾ ਅਹਿਮ ਹੈ। ਸੋਨੀਆ ਗੁਪਤਾ ਵਰਗੇ ਅਧਿਕਾਰੀਆਂ ਵੱਲੋਂ ਨਿਯਮਤ ਚੈਕਿੰਗ ਅਤੇ ਛਾਪੇਮਾਰੀ ਨਾਲ ਨਸ਼ੀਲੀਆਂ ਦਵਾਈਆਂ ਦੀ ਸਪਲਾਈ ਚੇਨ ਨੂੰ ਤੋੜਨ ਵਿੱਚ ਮਦਦ ਮਿਲ ਰਹੀ ਹੈ। ਇਸ ਕਾਰਵਾਈ ਨਾਲ ਇਲਾਕੇ ਵਿੱਚ ਨਸ਼ੇ ਦੇ ਸੌਦਾਗਰਾਂ 'ਤੇ ਦਬਾਅ ਵਧੇਗਾ ਅਤੇ ਲੋਕਾਂ ਵਿੱਚ ਜਾਗਰੂਕਤਾ ਵੀ ਫੈਲੇਗੀ।ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ 'ਵਾਰ ਅਗੇਂਸਟ ਡਰੱਗਜ਼' ਮੁਹਿੰਮ ਤਹਿਤ ਸਖ਼ਤ ਕਦਮ ਚੁੱਕੇ ਹੋਏ ਹਨ। ਇਸ ਵਿੱਚ ਮੈਡੀਕਲ ਸਟੋਰਾਂ ਦੀ ਰੈਂਡਮ ਚੈਕਿੰਗ, ਸ਼ਿਕਾਇਤਾਂ 'ਤੇ ਤੁਰੰਤ ਕਾਰਵਾਈ ਅਤੇ ਨਸ਼ੀਲੀਆਂ ਦਵਾਈਆਂ ਦੇ ਸਟਾਕ ਨੂੰ ਜ਼ਬਤ ਕਰਨਾ ਸ਼ਾਮਲ ਹੈ। ਇਸ ਤਰ੍ਹਾਂ ਦੀਆਂ ਕਾਰਵਾਈਆਂ ਨਾਲ ਨਸ਼ੇ ਦੀ ਸਮੱਸਿਆ ਨੂੰ ਕਾਬੂ ਕਰਨ ਵਿੱਚ ਸਫਲਤਾ ਮਿਲ ਰਹੀ ਹੈ। ਲੋਕਾਂ ਨੂੰ ਵੀ ਅਪੀਲ ਕੀਤੀ ਜਾ ਰਹੀ ਹੈ ਕਿ ਉਹ ਅਜਿਹੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦੇਣ ਤਾਂ ਜੋ ਨਸ਼ੇ ਨੂੰ ਜੜ੍ਹੋਂ ਖਤਮ ਕੀਤਾ ਜਾ ਸਕੇ।

# ਯੂਨਾਨ ਦੇ ਪੂਰਬੀ ਏਜੀਅਨ ਸਾਗਰ ਵਿੱਚ ਚੀਓਸ ਟਾਪੂ ਦੇ ਨੇੜੇ ਇੱਕ ਦਰਦਨਾਕ ਹਾਦਸਾ ਵਾਪਰਿਆ ਹੈ

## ਯੂਨਾਨ ਵਿੱਚ ਸ਼ਰਨਾਰਥੀ ਕਿਸ਼ਤੀ ਅਤੇ ਤੱਟ ਰੱਖਿਅਕ ਜਹਾਜ਼ ਵਿਚਕਾਰ ਭਿਆਨਕ ਟੱਕਰ, 14 ਲੋਕਾਂ ਦੀ ਮੌਤ



ਯੂਨਾਨ ਦੇ ਪੂਰਬੀ ਏਜੀਅਨ ਸਾਗਰ ਵਿੱਚ ਚੀਓਸ ਟਾਪੂ ਦੇ ਨੇੜੇ ਇੱਕ ਦਰਦਨਾਕ ਹਾਦਸਾ ਵਾਪਰਿਆ ਹੈ। ਸ਼ਰਨਾਰਥੀਆਂ ਨੂੰ ਲੈ ਕੇ ਜਾ ਰਹੀ ਇੱਕ ਤੇਜ਼ ਰਫ਼ਤਾਰ ਕਿਸ਼ਤੀ ਅਤੇ ਯੂਨਾਨੀ ਤੱਟ ਰੱਖਿਅਕ (ਕੋਸਟ ਗਾਰਡ) ਦੇ ਗਸ਼ਤੀ ਜਹਾਜ਼ ਵਿਚਕਾਰ ਟੱਕਰ ਹੋ ਗਈ, ਜਿਸ ਵਿੱਚ ਘੱਟੋ-ਘੱਟ 14 ਸ਼ਰਨਾਰਥੀਆਂ ਦੀ ਮੌਤ ਹੋ ਗਈ। ਇਹ ਘਟਨਾ ਮੰਗਲਵਾਰ ਰਾਤ ਨੂੰ ਵਾਪਰੀ ਅਤੇ ਯੂਨਾਨੀ ਕੋਸਟ ਗਾਰਡ ਨੇ ਬੁੱਧਵਾਰ ਨੂੰ ਇਸ ਬਾਰੇ ਜਾਣਕਾਰੀ ਦਿੱਤੀ। ਮਰਨ ਵਾਲਿਆਂ ਵਿੱਚ 11 ਮਰਦ ਅਤੇ 3 ਔਰਤਾਂ ਸ਼ਾਮਲ ਸਨ।ਘਟਨਾ ਚੀਓਸ ਟਾਪੂ ਦੇ ਮੇਰਸਿਨਿਡੀ ਖੇਤਰ ਦੇ ਨੇੜੇ ਸੰਭਵ ਤੌਰ 'ਤੇ ਰਾਤ 9 ਵਜੇ ਦੇ ਆਸਪਾਸ ਵਾਪਰੀ। ਯੂਨਾਨੀ ਅਧਿਕਾਰੀਆਂ ਅਨੁਸਾਰ, ਕੋਸਟ ਗਾਰਡ ਦੇ ਜਹਾਜ਼ ਨੇ ਸ਼ਰਨਾਰਥੀ ਕਿਸ਼ਤੀ ਨੂੰ ਵੇਖ ਕੇ ਚੇਤਾਵਨੀ ਸੰਕੇਤ ਦਿੱਤਾ ਸੀ, ਪਰ ਕਿਸ਼ਤੀ ਨੇ ਭੱਜਣ ਦੀ ਕੋਸ਼ਿਸ਼ ਕੀਤੀ ਅਤੇ ਫਿਰ ਟੱਕਰ ਹੋ ਗਈ। ਟੱਕਰ ਦੀ ਤਾਕਤ ਨਾਲ ਸ਼ਰਨਾਰਥੀ ਕਿਸ਼ਤੀ ਡੁੱਬ ਗਈ ਅਤੇ ਉਲਟ ਗਈ। ਇਸ ਹਾਦਸੇ ਵਿੱਚ ਕੋਸਟ ਗਾਰਡ ਦੇ ਦੋ ਅਧਿਕਾਰੀ ਵੀ ਜ਼ਖ਼ਮੀ ਹੋਏ ਅਤੇ ਉਨ੍ਹਾਂ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ।ਬਚਾਅ ਕਾਰਵਾਈ ਤੁਰੰਤ ਸ਼ੁਰੂ ਕਰ ਦਿੱਤੀ ਗਈ। ਯੂਨਾਨੀ ਕੋਸਟ ਗਾਰਡ ਨੇ ਚਾਰ ਗਸ਼ਤ ਜਹਾਜ਼ਾਂ, ਇੱਕ ਹਵਾਈ ਫੌਜ ਦੇ ਹੈਲੀਕਾਪਟਰ ਅਤੇ ਗੋਤਾਖੋਰਾਂ ਨੂੰ ਲਾਪਤਾ ਵਿਅਕਤੀਆਂ ਦੀ ਭਾਲ ਲਈ ਤਾਇਨਾਤ ਕੀਤਾ। ਬਾਅਦ ਵਿੱਚ ਇਸ ਵਿੱਚ ਨਿੱਜੀ ਜਹਾਜ਼ ਅਤੇ ਹੋਰ ਸਹਾਇਕ ਟੀਮਾਂ ਵੀ ਸ਼ਾਮਲ ਹੋਈਆਂ। ਇਸ ਬਚਾਅ ਮੁਹਿੰਮ ਵਿੱਚ 25 ਸ਼ਰਨਾਰਥੀਆਂ ਨੂੰ ਬਚਾਇਆ ਗਿਆ, ਜਿਨ੍ਹਾਂ ਵਿੱਚ ਲਗਭਗ 11 ਬੱਚੇ ਸ਼ਾਮਲ ਸਨ। ਇਨ੍ਹਾਂ ਸਾਰਿਆਂ ਨੂੰ ਚੀਓਸ ਟਾਪੂ ਦੇ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ। ਇੱਕ ਗਰਭਵਤੀ ਔਰਤ ਵੀ ਜ਼ਖ਼ਮੀਆਂ ਵਿੱਚ ਸੀ। ਚੀਓਸ ਦੇ ਸਰਕਾਰੀ ਹਸਪਤਾਲ ਵਿੱਚ ਅਚਾਨਕ ਜ਼ਖ਼ਮੀਆਂ ਦੀ ਆਮਦ ਨਾਲ ਸਟਾਫ਼ ਹੈਰਾਨ ਰਹਿ ਗਿਆ। ਹਸਪਤਾਲ ਵਰਕਰਜ਼ ਯੂਨੀਅਨ ਦੇ ਮੁਖੀ ਮਿਕਲਿਸ ਗਿਆਨਾਕੋਸ ਨੇ ਕਿਹਾ ਕਿ ਇਹ ਅਚਾਨਕ ਵਾਪਰੀ ਘਟਨਾ ਸੀ ਅਤੇ ਸਟਾਫ਼ ਨੂੰ ਤਿਆਰੀ ਦਾ ਮੌਕਾ ਨਹੀਂ ਮਿਲਿਆ।ਇਸ ਘਟਨਾ ਨੇ ਯੂਰਪੀ ਯੂਨੀਅਨ ਵਿੱਚ ਸ਼ਰਨਾਰਥੀ ਨੀਤੀਆਂ ਅਤੇ ਸਮੁੰਦਰੀ ਸੁਰੱਖਿਆ 'ਤੇ ਫਿਰ ਚਰਚਾ ਛੇੜ ਦਿੱਤੀ ਹੈ। ਬਹੁਤ ਸਾਰੇ ਸੰਗਠਨ ਇਹ ਮੰਗ ਕਰ ਰਹੇ ਹਨ ਕਿ ਸ਼ਰਨਾਰਥੀਆਂ ਨੂੰ ਸੁਰੱਖਿਅਤ ਰਸਤੇ ਦਿੱਤੇ ਜਾਣ ਅਤੇ ਅਜਿਹੇ ਹਾਦਸਿਆਂ ਨੂੰ ਰੋਕਣ ਲਈ ਵਧੇਰੇ ਪ੍ਰਭਾਵੀ ਉਪਾਅ ਕੀਤੇ ਜਾਣ। ਲਾਪਤਾ ਲੋਕਾਂ ਦੀ ਭਾਲ ਜਾਰੀ ਹੈ ਅਤੇ ਅਗਲੇ ਦਿਨਾਂ ਵਿੱਚ ਹੋਰ ਜਾਣਕਾਰੀ ਸਾਹਮਣੇ ਆ ਸਕਦੀ ਹੈ। ਇਹ ਘਟਨਾ ਮਨੁੱਖੀ ਤਰਾਸਦੀ ਦਾ ਇੱਕ ਹੋਰ ਦਰਦਨਾਕ ਉਦਾਹਰਣ ਹੈ ਜੋ ਵਿਸ਼ਵ ਭਰ ਵਿੱਚ ਸ਼ਰਨਾਰਥੀ ਸੰਕਟ ਨੂੰ ਉਜਾਗਰ ਕਰਦੀ ਹੈ।ਅਜੇ ਤੱਕ ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਸ਼ਰਨਾਰਥੀ ਕਿਸ਼ਤੀ ਵਿੱਚ ਕੁੱਲ ਕਿੰਨੇ ਲੋਕ ਸਵਾਰ ਸਨ ਅਤੇ ਟੱਕਰ ਦਾ ਸਹੀ ਕਾਰਨ ਕੀ ਸੀ। ਮਰਨ ਵਾਲਿਆਂ ਅਤੇ ਬਾਕੀ ਯਾਤਰੀਆਂ ਦੀ ਪਛਾਣ ਵੀ ਨਹੀਂ ਹੋਈ। ਯੂਨਾਨ ਅਕਸਰ ਮੱਧ ਪੂਰਬ, ਅਫਰੀਕਾ ਅਤੇ ਏਸ਼ੀਆ ਤੋਂ ਆਉਣ ਵਾਲੇ ਸ਼ਰਨਾਰਥੀਆਂ ਲਈ ਯੂਰਪ ਵੱਲ ਜਾਣ ਦਾ ਮੁੱਖ ਰਸਤਾ ਬਣਿਆ ਹੋਇਆ ਹੈ। ਲੋਕ ਯੁੱਧ, ਗਰੀਬੀ ਅਤੇ ਅਸੁਰੱਖਿਆ ਤੋਂ ਬਚਣ ਲਈ ਤੁਰਕੀ ਤੋਂ ਛੋਟੀਆਂ ਕਿਸ਼ਤੀਆਂ ਰਾਹੀਂ ਯੂਨਾਨੀ ਟਾਪੂਆਂ ਵੱਲ ਆਉਂਦੇ ਹਨ, ਪਰ ਇਹ ਯਾਤਰਾ ਬਹੁਤ ਖਤਰਨਾਕ ਹੁੰਦੀ ਹੈ।

ਪਿਛਲੇ ਸਾਲਾਂ ਵਿੱਚ ਵੀ ਅਜਿਹੇ ਹਾਦਸੇ ਵਾਰ-ਵਾਰ ਵਾਪਰੇ ਹਨ। 2023 ਵਿੱਚ ਇੱਕ ਵੱਡੇ ਜਹਾਜ਼ ਦੇ ਡੁੱਬਣ ਨਾਲ ਸੈਂਕੜੇ ਲੋਕ ਮਾਰੇ ਗਏ ਸਨ, ਜਿਸ ਵਿੱਚ ਕੋਸਟ ਗਾਰਡ ਦੀ ਭੂਮਿਕਾ 'ਤੇ ਸਵਾਲ ਉੱਠੇ ਸਨ। ਸੰਯੁਕਤ ਰਾਸ਼ਟਰ ਦੀ ਸ਼ਰਨਾਰਥੀ ਏਜੰਸੀ ਅਨੁਸਾਰ 2025 ਵਿੱਚ ਮੈਡੀਟੇਰੀਅਨ ਅਤੇ ਅਟਲਾਂਟਿਕ ਵਿੱਚ ਯਾਤਰਾ ਦੌਰਾਨ 1700 ਤੋਂ ਵੱਧ ਲੋਕ ਮਰੇ ਜਾਂ ਗੁੰਮ ਹੋਏ। ਇਹ ਹਾਦਸਾ ਵੀ ਇਸੇ ਤਰ੍ਹਾਂ ਦੀ ਤਰਾਸਦੀ ਦਾ ਹਿੱਸਾ ਬਣ ਗਿਆ ਹੈ।ਇਸ ਘਟਨਾ ਨੇ ਯੂਰਪੀ ਯੂਨੀਅਨ ਵਿੱਚ ਸ਼ਰਨਾਰਥੀ ਨੀਤੀਆਂ ਅਤੇ ਸਮੁੰਦਰੀ ਸੁਰੱਖਿਆ 'ਤੇ ਫਿਰ ਚਰਚਾ ਛੇੜ ਦਿੱਤੀ ਹੈ। ਬਹੁਤ ਸਾਰੇ ਸੰਗਠਨ ਇਹ ਮੰਗ ਕਰ ਰਹੇ ਹਨ ਕਿ ਸ਼ਰਨਾਰਥੀਆਂ ਨੂੰ ਸੁਰੱਖਿਅਤ ਰਸਤੇ ਦਿੱਤੇ ਜਾਣ ਅਤੇ ਅਜਿਹੇ ਹਾਦਸਿਆਂ ਨੂੰ ਰੋਕਣ ਲਈ ਵਧੇਰੇ ਪ੍ਰਭਾਵੀ ਉਪਾਅ ਕੀਤੇ ਜਾਣ। ਲਾਪਤਾ ਲੋਕਾਂ ਦੀ ਭਾਲ ਜਾਰੀ ਹੈ ਅਤੇ ਅਗਲੇ ਦਿਨਾਂ ਵਿੱਚ ਹੋਰ ਜਾਣਕਾਰੀ ਸਾਹਮਣੇ ਆ ਸਕਦੀ ਹੈ। ਇਹ ਘਟਨਾ ਮਨੁੱਖੀ ਤਰਾਸਦੀ ਦਾ ਇੱਕ ਹੋਰ ਦਰਦਨਾਕ ਉਦਾਹਰਣ ਹੈ ਜੋ ਵਿਸ਼ਵ ਭਰ ਵਿੱਚ ਸ਼ਰਨਾਰਥੀ ਸੰਕਟ ਨੂੰ ਉਜਾਗਰ ਕਰਦੀ ਹੈ।ਘਟਨਾ ਚੀਓਸ ਟਾਪੂ ਦੇ ਮੇਰਸਿਨਿਡੀ ਖੇਤਰ ਦੇ ਨੇੜੇ ਸੰਭਵ ਤੌਰ 'ਤੇ ਰਾਤ 9 ਵਜੇ ਦੇ ਆਸਪਾਸ ਵਾਪਰੀ। ਯੂਨਾਨੀ ਅਧਿਕਾਰੀਆਂ ਅਨੁਸਾਰ, ਕੋਸਟ ਗਾਰਡ ਦੇ ਜਹਾਜ਼ ਨੇ ਸ਼ਰਨਾਰਥੀ ਕਿਸ਼ਤੀ ਨੂੰ ਵੇਖ ਕੇ ਚੇਤਾਵਨੀ ਸੰਕੇਤ ਦਿੱਤਾ ਸੀ, ਪਰ ਕਿਸ਼ਤੀ ਨੇ ਭੱਜਣ ਦੀ ਕੋਸ਼ਿਸ਼ ਕੀਤੀ ਅਤੇ ਫਿਰ ਟੱਕਰ ਹੋ ਗਈ। ਟੱਕਰ ਦੀ ਤਾਕਤ ਨਾਲ ਸ਼ਰਨਾਰਥੀ ਕਿਸ਼ਤੀ ਡੁੱਬ ਗਈ ਅਤੇ ਉਲਟ ਗਈ। ਇਸ ਹਾਦਸੇ ਵਿੱਚ ਕੋਸਟ ਗਾਰਡ ਦੇ ਦੋ ਅਧਿਕਾਰੀ ਵੀ ਜ਼ਖ਼ਮੀ ਹੋਏ ਅਤੇ ਉਨ੍ਹਾਂ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ।ਬਚਾਅ ਕਾਰਵਾਈ ਤੁਰੰਤ ਸ਼ੁਰੂ ਕਰ ਦਿੱਤੀ ਗਈ।

# ਸ੍ਰੀ ਸ਼ਾਮ ਪਰਿਵਾਰ ਨੇ ਕਰਵਾਇਆ ਨਿਓਤਾ ਮੇਰੇ ਸ਼ਾਮ ਦਾ ਸ੍ਰੀ ਸ਼ਾਮ ਸੰਕੀਰਤਨ



ਸ੍ਰੀ ਸ਼ਾਮ ਪਰਿਵਾਰ ਨੇ ਕਰਵਾਇਆ ਨਿਓਤਾ ਮੇਰੇ ਸ਼ਾਮ ਦਾ ਸ੍ਰੀ ਸ਼ਾਮ ਸੰਕੀਰਤਨ।

ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨ ਤਾਰਨ 3 ਫਰਵਰੀ

ਸ੍ਰੀ ਸ਼ਾਮ ਪਰਿਵਾਰ ਤਰਨ ਤਾਰਨ ਵੱਲੋਂ ਚੌਥਾ ਨਿਓਤਾ ਮੇਰੇ ਸ਼ਾਮ ਦਾ ਸਲਾਨਾ ਸੰਕੀਰਤਨ ਸਮਾਗਮ ਸਤਿਕਾਰ ਪੈਲਸ ਵਿਖੇ ਸ਼ਰਧਾ ਅਤੇ ਉਤਸ਼ਾਹ ਨਾਲ ਕਰਵਾਇਆ ਗਿਆ। ਸ੍ਰੀ ਸ਼ਾਮ ਸੰਕੀਰਤਨ ਵਿੱਚ ਪ੍ਰਸਿੱਧ ਭਜਨ ਗਾਇਕ ਹਰਸ਼ ਸ਼ਰਮਾ ਅਤੇ ਪ੍ਰਸਿੱਧ ਭਜਨ ਗਾਇਕਾ ਪੂਜਾ ਸਖੀ ਨੇ ਭਗਵਾਨ ਸ੍ਰੀ ਕ੍ਰਿਸ਼ਨ ਜੀ ਦੇ ਸੁੰਦਰ ਭਜਨਾਂ ਦਾ ਗਾਇਨ ਕਰਕੇ ਤਰਨ ਤਰਨ ਵਾਸੀਆਂ ਨੂੰ ਸ੍ਰੀ ਵ੍ਰਿੰਦਾਵਨ ਧਾਮ ਹੋਣ ਦਾ ਅਹਿਸਾਸ ਕਰਵਾ ਦਿੱਤਾ। ਪ੍ਰਸਿੱਧ ਭਜਨ ਗਾਇਕਾ ਪੂਜਾ ਸਖੀ ਆਪਾ ਵੱਲੋਂ ਸੰਕੀਰਤਨ ਦੇ ਨਾਲ ਹਿੰਦੂ ਧਰਮ ਦੀ ਮਹਾਨਤਾ ਨਾਲ ਵੀ ਜਾਣੂ ਕਰਵਾਇਆ ਗਿਆ। ਇਸ ਮੌਕੇ ਪ੍ਰਸਿੱਧ ਭਜਨ ਗਾਇਕ ਹਰਸ਼ ਸ਼ਰਮਾ ਨੇ ਆਪਣੀ ਹਾਜ਼ਰੀ ਲਗਵਾਉਂਦੇ ਹੋਏ ਭਗਵਾਨ ਸ੍ਰੀ ਖਾਟੂ ਸ਼ਾਮ ਜੀ ਦੇ ਸੁੰਦਰ ਭਜਨ ਗਾ ਕੇ ਸ਼ਹਿਰ ਨਿਵਾਸੀਆਂ ਨੂੰ ਤਾੜੀਆਂ ਲਗਾਉਣ ਤੇ ਮਜਬੂਰ ਕੀਤਾ। ਸਮਾਗਮ ਦੌਰਾਨ ਲੰਗਰ ਭੰਡਾਰਾ ਅਤੁੱਟ ਵਰਤਾਇਆ ਗਿਆ। ਇਸ ਮੌਕੇ ਸ੍ਰੀ ਸ਼ਾਮ ਪਰਿਵਾਰ ਦੇ ਮੁੱਖ ਸੇਵਾਦਾਰ ਅਰੁਣ ਗੁਪਤਾ, ਸੇਵਾਦਾਰ ਰਾਜੀਵ ਕੁਮਾਰ ਟਿੰਮਾ, ਪ੍ਰਭਾਤ ਗੁਪਤਾ, ਅਮਨ ਗੁਪਤਾ, ਰਮਨ ਸ਼ਰਮਾ, ਚਿਰਨਤਨ ਗੁਪਤਾ (ਹਣੀ), ਪੰਕਜ ਕੇਸਰ, ਜਗਮੋਹਨ ਕੇਸਰ, ਉਮੇਸ਼ ਗੁਪਤਾ, ਰਾਜਕੁਮਾਰ ਗੁਪਤਾ ਅਤੇ ਦੀਪਕ ਗੁਪਤਾ, ਪਵਨ ਸ਼ਰਮਾ, ਗੁਰੀਸ਼ ਗੁਪਤਾ ਮੌਜੂਦ ਸਨ।

# ਬਜ਼ਟ ਚੌਂ ਪੰਜਾਬ ਦੀ ਕਿਸਾਨੀ, ਜਵਾਨੀ ਤੇ ਉਦਯੋਗ ਨੂੰ ਕੀਤਾ ਅਣਗੋਲਿਆ: ਪ੍ਰੋ ਹਰਪ੍ਰੀਤ ਸਿੰਘ ਕੋਟ ਮੁੰਹਮਦ ਖਾਂ



*ਪਿਛਲੇ ਦਿਨੀਂ ਪੰਜਾਬ ਹੜ੍ਹਾਂ ਦੀ ਮਾਰ ਹੇਠ ਆਇਆ ਸੀ ਜਿਸ ਵਿੱਚ ਕਿਸਾਨਾਂ ਨੂੰ ਲੱਖਾਂ ਦਾ ਨੁਕਸਾਨ ਹੋਇਆ ਹੈ, ਉਮੀਦ ਸੀ ਕਿ ਬਜ਼ਟ ਪੰਜਾਬ ਦੀ ਕਿਸਾਨੀ ਦੀ ਬਾਂਹ ਫੜੇਗਾ, ਪ੍ਰੰਤੂ ਅਜਿਹਾ ਬਜ਼ਟ ਵਿੱਚ ਕੁਝ ਵੀ ਨਹੀਂ ਜਿਸ ਨਾਲ ਕਿਸਾਨ ਖੁਸ਼ਹਾਲ ਹੋ ਸਕੇ।*

ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨਤਾਰਨ 3 ਫਰਵਰੀ

ਕੇਂਦਰ ਸਰਕਾਰ ਵੱਲੋਂ ਸੰਸਦ ਵਿਚ ਬਜ਼ਟ ਸੈਸ਼ਨ ਦੌਰਾਨ ਜੋ ਬਜ਼ਟ ਪੇਸ਼ ਕੀਤਾ ਗਿਆ ਹੈ ਉਸਨੇ ਜਿੱਥੇ ਹਰ ਵਰਗ ਨੂੰ ਨਿਰਾਸ਼ ਕੀਤਾ ਹੈ ਉੱਥੇ ਇਸ ਬਜਟ ਨਾਲ ਪੰਜਾਬ ਦੇ ਹੱਥ ਬਿਲਕੁਲ ਹੀ ਨਿਰਾਸ਼ਾ ਲੱਗੀ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਪ੍ਰੋਫੈਸਰ ਹਰਪ੍ਰੀਤ ਸਿੰਘ ਕੋਟ ਮੁੰਹਮਦ ਖਾਂ ਹਲਕਾ ਖਡੂਰ ਸਾਹਿਬ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ ਉਨ੍ਹਾਂ ਦੱਸਿਆ ਕਿ ਪੰਜਾਬ ਨੂੰ ਬਹੁਤ ਉਮੀਦਾਂ ਸਨ ਕਿ ਕੇਂਦਰ ਸਰਕਾਰ ਵੱਲੋਂ ਬਜ਼ਟ ਵਿੱਚ ਪੰਜਾਬ ਲਈ ਵਿਸ਼ੇਸ਼ ਐਲਾਨ ਕੀਤਾ ਜਾਵੇਗਾ। ਪਿਛਲੇ ਦਿਨੀਂ ਪੰਜਾਬ ਹੜ੍ਹਾਂ ਦੀ ਮਾਰ ਹੇਠ ਆਇਆ ਸੀ ਜਿਸ ਵਿੱਚ ਕਿਸਾਨਾਂ ਨੂੰ ਲੱਖਾਂ ਦਾ ਨੁਕਸਾਨ ਹੋਇਆ ਹੈ, ਉਮੀਦ ਸੀ ਕਿ ਬਜ਼ਟ ਪੰਜਾਬ ਦੀ ਕਿਸਾਨੀ ਦੀ ਬਾਂਹ ਫੜੇਗਾ, ਪ੍ਰੰਤੂ ਅਜਿਹਾ ਬਜ਼ਟ ਵਿੱਚ ਕੁਝ ਵੀ ਨਹੀਂ ਜਿਸ ਨਾਲ ਕਿਸਾਨ ਖੁਸ਼ਹਾਲ ਹੋ ਸਕੇ। ਪੰਜਾਬ ਦੇ ਲੱਖਾਂ ਨੌਜਵਾਨਾ ਲਈ ਵੀ ਬਜ਼ਟ ਵਿੱਚ ਕੋਈ ਸਕੀਮ ਨਜ਼ਰ ਨਹੀਂ ਆਉਂਦੀ ਜਿਸ ਨਾਲ ਰੋਜ਼ਗਾਰ ਦੇ ਵਸੀਲੇ ਪੈਦਾ ਹੋ ਸਕਣ, ਨੌਜਵਾਨ ਅਪਣਾ ਕੋਈ ਕਾਰੋਬਾਰ ਚਲਾ ਸਕਣ ਦੇ ਸਮਰੱਥ ਹੋ ਜਾਣ। ਛੋਟੇ ਦੁਕਾਨਦਾਰਾਂ, ਵਪਾਰੀਆਂ ਲਈ ਵੀ ਬਜ਼ਟ ਵਿੱਚ ਕੁਝ ਨਹੀਂ ਰੱਖਿਆ ਗਿਆ ਜਿਸ ਨਾਲ ਪੰਜਾਬ ਵਿੱਚ ਉਦਯੋਗਿਕ ਖੇਤਰ ਨੂੰ ਕੋਈ ਹਾਲਾਰਾ ਮਿਲ ਸਕੇ। ਕੇਂਦਰ ਸਰਕਾਰ ਵੱਲੋਂ ਜੋ ਬਜ਼ਟ ਪੇਸ਼ ਕੀਤਾ ਹੈ ਉਸ ਨਾਲ ਹਰ ਵਰਗ ਹੀ ਨਿਰਾਸ਼ ਹੈ।




# ਪੰਜਾਬੀ ਮਾ ਬੋਲੀ ਦੇ ਪ੍ਰਸਾਰ ਲਈ ਪੰਜਾਬੀ ਪਿਆਰੇ ਵਫਾਦਾਰ ਪਹਿਰੇਦਾਰ ਦੀ ਭੂਮਿਕਾ ਨਿਭਾਉਣ - ਗੁਰਪ੍ਰੀਤ ਘੁੱਗੀ



ਪੰਜਾਬੀ ਮਾ ਬੋਲੀ ਦੇ ਪ੍ਰਸਾਰ ਲਈ ਪੰਜਾਬੀ ਪਿਆਰੇ ਵਫਾਦਾਰ ਪਹਿਰੇਦਾਰ ਦੀ ਭੂਮਿਕਾ ਨਿਭਾਉਣ - ਗੁਰਪ੍ਰੀਤ ਘੁੱਗੀ।

ਪੰਜਾਬੀ ਬੋਲੀ ਅੱਜ ਪੰਜ ਦਰਿਆਵਾਂ ਦੀ ਨਹੀਂ ਸਗੋਂ ਸਤ ਦਰਿਆਵਾਂ ਦੀ ਮਾਂ ਬੋਲੀ ਬਣੀ -

-ਵਿਸ਼ਵ ਪੰਜਾਬੀ ਭਵਨ ਅੰਮ੍ਰਿਤਸਰ ਵਿੱਚ ਵਿਦੇਸ਼ੀ ਪੰਜਾਬੀ ਸਾਹਿਤਕਾਰ ਸਾਹਿਤਕਾਰਾਂ ਦੇ ਮੁਫਤ ਰਿਹਾਇਸ਼ ਦੀ ਵੀ ਹੋਵੇਗੀ ਵਿਵਸਥਾ- ਸਤਬੀਰ

ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨਤਾਰਨ 3 ਫ਼ਰਵਰੀ

ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਪੰਜਾਬ ਤੋਂ ਮਾਝਾ ਜ਼ੋਨ ਇਕਾਈ ਦੇ ਚੇਅਰਮੈਨ, ਲੇਖਕ, ਪੰਜਾਬੀ ਸਾਹਿਤ ਸੱਭਿਆਚਾਰ ਤੇ ਸਮਾਜ ਸੇਵਾਵਾਂ ਦੇ ਪ੍ਰਮੋਟਰ ਸਿਫਰ ਸਤਬੀਰ ਸਿੰਘ ਵਲੋਂ ਸਭਾ ਦੇ ਕੌਮਾਂਤਰੀ ਚੇਅਰਮੈਨ ਡਾ.ਦਲਬੀਰ ਸਿੰਘ ਕਥੂਰੀਆ ਦੀ ਪ੍ਰਧਾਨਗੀ ਤੋਂ ਇਲਾਵਾ ਮੁੱਖ ਮਹਿਮਾਨ ਪੰਜਾਬੀ ਫ਼ਿਲਮੀ ਅਦਾਕਾਰ, ਉੱਘੇ ਕਮੇਡੀਅਨ ਗੁਰਪ੍ਰੀਤ ਘੁੱਗੀ, ਵਿਸ਼ੇਸ਼ ਮਹਿਮਾਨ ਕਾਮੇਡੀ ਕਲਾਕਾਰ ਘੁਲੇਸ਼ਾਹ, ਸੂਫ਼ੀ ਉਸਤਾਦ ਗਾਇਕ ਪੂਰਨ ਸ਼ਾਹ ਵਡਾਲੀ ਦੀ ਅਗਵਾਈ 'ਚ ਮੀਰਾ ਕੋਟ ਰੋਡ ਤੇ ਰਚਾਇਆ ਗਿਆ ਵਿਸ਼ਵ ਪੰਜਾਬੀ ਭਵਨ ਦਾ ਉਦਘਾਟਨ ਤੇ ਸਨਮਾਨ ਸਮਾਰੋਹ, ਸਮਾਰੋਹ ਨਹੀਂ ਸਗੋਂ ਸ਼ਬਦ ਗਾਇਨ, ਕਵੀਸ਼ਰੀ, ਗਟਾਰ ਗਾਇਨ, ਧਾਰਮਿਕ, ਸਮਾਜਿਕ ਤੇ ਪੰਜਾਬੀ ਸੱਭਿਆਚਾਰਕ ਵਿਰਾਸਤੀ ਤੇ ਰਵਾਇਤੀ ਰੰਗ ਪੰਜਾਬੀ,ਤੇ ਕਵੀਆਂ,ਸ਼ਾਇਰਾ ਵੱਲੋਂ ਕਵਿਤਾਵਾਂ, ਸ਼ੇਅਰਾਂ ਦੇ ਬਾਖੂਬੀ ਪੇਸ਼ਕਾਰੀਆਂ ਤੋਂ ਇਲਾਵਾ ਸਾਹਿਤਕਾਰਾਂ, ਰੰਗ ਕਰਮੀਆਂ, ਗਾਇਕਾਂ ਫਿਲਮ ਲੇਖਕਾਂ, ਸੰਪਾਦਕਾਂ ਨਵ ਪ੍ਰਕਾਸ਼ਤ ਮੈਗਜ਼ੀਨ ਰੀਲੀਜ਼, ਪੱਤਰਕਾਰਾਂ ਦੀ ਭਰਵੀਂ ਸ਼ਮੂਲੀਅਤ ਦੇ ਨਤੀਜੇ ਵਜੋਂ ਕੌਮੀ ਪੱਧਰ ਦੇ ਸਾਹਿਤਕ ਮੇਲਿਆਂ ਦੇ ਮੇਚੇ ਹੋ ਬਰਾਬਰ ਹੋ ਨਿਬੜਿਆ। ਸਮਾਰੋਹ ਨੂੰ ਯਾਦਗਾਰੀ ਬਣਾਉਂਦਿਆਂ ਮਾਝਾ ਜੋਨ ਚੇਅਰਮੈਨ ਤੇ ਲੇਖਕ ਸਿਫ਼ਰ ਸਤਿਬੀਰ ਸਿੰਘ ਨੇ ਅੰਮ੍ਰਿਤਸਰ ਵਿਖੇ ਹੀ ਮੀਰਾਂ ਕੋਟ ਰੋਡ ਤੇ ਆਪਣੀ ਬਹੁ ਕੀਮਤੀ ਥਾਂ ਚ ਵਿਸ਼ਵ ਪੰਜਾਬੀ ਭਵਨ ਬਣਾਉਣ ਦਾ ਐਲਾਨ ਕੀਤਾ।

ਸਮਾਰੋਹ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਫਿਲਮੀ ਅਦਾਕਾਰ ਤੇ ਉੱਗੇ ਕਮੇਡੀਅਨ ਗੁਰਪ੍ਰੀਤ ਘੁੱਗੀ ਨੇ ਆਪਣੇ ਸੰਬੋਧਨ ਚ ਸੱਦਾ ਦਿੱਤਾ ਕਿ ਪੰਜਾਬੀ ਮਾਂ ਬੋਲੀ ਮਾਖਿਓ ਨਾਲੋਂ ਮਿੱਠੀ ਹੈ ਅਤੇ ਬੋਲੀ ਦੀ ਸ਼ੁੱਧਤਾ ਚ ਲੇਖਣ ਤੇ ਉਚਾਰਨ ਵੱਲ ਉਚੇਚੇ ਧਿਆਨ ਦਿੱਤਾ ਜਾਵੇ ਅਤੇ ਮਾ ਬੋਲੀ ਦੇ ਉਸਰਈਏ ਬਣਨ ਦੀ ਭੂਮਿਕਾ ਚ ਅਕ੍ਰਿਤਘਣ ਬਣਨ ਤੋਂ ਲੱਖਾਂ ਕੋਹਾਂ ਸੰਕੋਚ ਕੀਤਾ ਜਾਵੇ। ਉਨ੍ਹਾਂ ਨੇ ਇਹ ਵੀ ਪ੍ਰਗਟਾਵਾ ਕੀਤਾ ਕਿ ਪੰਜਾਬੀ ਬੋਲੀ ਨੇ ਸਿਰਫ ਪੰਜਾਬੀ ਭਾਸ਼ਾ ਨੂੰ ਹੀ ਨਹੀਂ ਸਗੋਂ ਹੋਰ ਭਾਸ਼ਾਵਾਂ ਨੂੰ ਵੀ ਪੰਜਾਬੀ ਸ਼ਬਦਾਂ ਦਾ ਵੀ ਖਜ਼ਾਨਾ ਦੇ ਕੇ ਭਰਪੂਰ ਤੇ ਮਾਲਾ ਮਾਲ ਕੀਤਾ ਹੈ।

ਪੰਜਾਬੀ ਮਾਂ ਬੋਲੀ ਸਾਡੇ ਵੱਡ ਵਡੇਰਿਆਂ ਤੋਂ ਲੈ ਕੇ ਅੱਜ ਤੱਕ ਪੰਜਾਬ ਪੰਜਾਬੀ ਪੰਜਾਬੀਅਤ ਦੀਆਂ ਰੂਹਾਂ ਚ ਉੱਤਰ ਕੇ ਰੋਮ ਰੋਮ ਚ ਉਕਰ ਚੁੱਕੀ ਹੈ । ਉਹਨਾਂ ਨੇ ਆਪਣੇ ਸੰਬੋਧਨ ਦੇ ਅੰਤਿਮ ਭਾਗ ਚ ਮੁੜ ਪੰਜਾਬੀ ਪਿਆਰਿਆਂ ਨੂੰ ਪੰਜਾਬੀ ਜੁਬਾਨ ਦੇ ਵਫਾਦਾਰ ਪਹਿਰੇਦਾਰ ਬਣਨ ਸੱਦਾ ਦਿੱਤਾ ।

ਮੇਜਬਾਨ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਕਨੇਡਾ ਨੇ ਸਮਾਰੋਹ ਨੂੰ ਸੰਬੋਧਨ ਕਰਦਿਆਂ ਕੌਮਾਂਤਰੀ ਪੱਧਰ ਤੇ ਗਤੀ ਵਿਧੀਆਂ ਦੀ ਵਿਸਥਾਰ ਨਾਲ ਜਾਣਕਾਰੀ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਸਭਾ ਦਾ ਪਹਿਲਾ ਵਿਸ਼ਵ ਪੰਜਾਬੀ ਭਵਨ ਬਰੈਂਪਟਨ ਕਨੇਡਾ ਵਿਖੇ ਅਤੇ ਦੂਜਾ ਭਵਨ ਲਾਹੌਰ ਵਿਖੇ ਸਥਾਪਿਤ ਕੀਤਾ ਹੋਇਆ ਹੈ। ਜਦੋਂ ਕਿ ਅੱਜ ਸ਼ੁਭ ਦਿਹਾੜੇ ਤੇ ਗੁਰੂ ਨਗਰੀ ਅੰਮ੍ਰਿਤਸਰ ਵਿਖੇ ਤੀਜੇ ਵਿਸ਼ਵ ਪੰਜਾਬੀ ਭਵਨ ਦੀ ਸਥਾਪਨਾ ਕੀਤੀ ਗਈ ਹੈ।

ਉਹਨਾਂ ਨੇ ਇਹ ਵੀ ਪ੍ਰਗਟਾਵਾ ਕੀਤਾ ਗਏ ਗੁਆਂਢੀ ਮੁਲਕ ਪਾਕਿਸਤਾਨ ਦੇ ਸ਼ਹਿਰ ਲਾਹੌਰ ਵਿਖੇ ਸਥਾਪਿਤ ਭਵਨ ਚ 13 ਅਪ੍ਰੈਲ 2026 ਵਿਸਾਖੀ ਵਾਲੇ ਦਿਨ ਤੋਂ 24 ਘੰਟੇ ਲੰਗਰ ਦਾ ਸੰਚਾਲਨ ਕੀਤਾ ਜਾਵੇਗਾ। ਸਮਾਰੋਹ ਦੇ ਮੇਜਬਾਨ ਤੇ ਸਭਾ ਦੀ ਮਾਝਾ ਜੋਨ ਇਕਾਈ ਦੇ ਚੇਅਰਮੈਨ ਸਿਫਰ ਸਤਬੀਰ ਸਿੰਘ ਨੇ ਕਿਹਾ ਕਿ ਉਨ੍ਹਾਂ ਵੱਲੋਂ ਆਪਣੇ ਨਿੱਜੀ ਫਾਰਮ ਹਾਊਸ ਪੰਜਾਬ ਪੱਧਰ ਦੇ ਵਿਸ਼ਵ ਪੰਜਾਬੀ ਭਵਨ ਨੂੰ ਜਗ੍ਹਾ ਸਮਰਪਿਤ ਕੀਤੀ ਗਈ ਅਤੇ ਇਸ ਭਵਨ ਚ ਪੰਜਾਬੀ ਸਾਹਿਤ ਦੇ ਪ੍ਰਚਾਰ ਦੇ ਪ੍ਰਸਾਰ ਲਈ ਆਪਣੀਆਂ ਸਰਗਰਮ ਭੂਮਿਕਾਵਾਂ ਨਿਭਾਅ ਰਹੀਆਂ ਸਾਹਿਤ ਸਭਾਵਾਂ ਸੱਭਿਆਚਾਰਕ ਕੇਂਦਰ ਚ ਬਿਨਾਂ ਕਿਸੇ ਕਿਰਾਏ ਤੋਂ ਚਲਾ ਸਕਦੀਆਂ ਹਨ। ਅਤੇ ਇੱਥੋਂ ਤਕ ਕੇ ਵਿਦੇਸ਼ਾਂ ਚੋਂ ਅੰਮ੍ਰਿਤਸਰ ਵਿਖੇ ਪੁੱਜਣ ਵਾਲੇ ਸਾਹਿਤਕਾਰ ਇਸ ਭਵਨ ਚ ਮੁਫਤ , ਇੱਕ ਦੋ ਦਿਨ ਰਿਹਾਇਸ਼ ਰੱਖ ਸਕਣਗੇ। ਇਸ ਤੋਂ ਇਲਾਵਾ ਲੋੜਵੰਦ ਪੰਜਾਬੀ ਲੋਕ ਆਪਣੇ ਛੋਟੇ ਮੋਟੇ ਘਰੇਲੂ ਸਮਾਗਮ ਵੀ ਰਚਾ ਸਕਦੇ ਹਨ, ਜਿਨਾਂ ਕੋਲ ਕੋਈ ਕਿਰਾਇਆ ਨਹੀਂ ਵਸੂਲ ਕੀਤਾ ਜਾਵੇਗਾ। ਸਮਾਗਮ ਚ ਵਿਸ਼ੇਸ਼ ਮਹਿਮਾਨ ਵਜੋਂ ਉਚੇਚੇ ਤੌਰ ਤੇ ਮੌਜੂਦ ਅਫਗਾਨਿਸਤਾਨ ਤੋਂ ਸੰਗੀਤ ਸਾਜ਼ ਰਬਾਬ ਦੇ ਕੌਮਾਂਤਰੀ ਪ੍ਰਸਿੱਧ ਵਾਦਕ ਉਸਤਾਦ ਹਮਾਉਂ ਸ਼ਖ਼ੀ ਨੇ ਕਿਹਾ ਕਿ ਸੰਗੀਤ ਚੋ ਰੱਬ ਦੇ ਦਰਸ਼ਨ ਕੀਤੇ ਜਾ ਸਕਦੇ ਹਨ ਅਤੇ ਅੱਜ ਇੱਥੇ ਸਮਾਗਮ ਚ ਸਮੁੱਚਾ ਪ੍ਰੋਗਰਾਮ ਵੇਖ ਕੇ ਉਹ ਬਹੁਤ ਖੁਸ਼ ਹੋਏ ਹਨ। ਰਬਾਬ ਵਾਦਕ ਉਸਤਾਬ ਹੁਮਾਯੂੰ ਸਾਖੀ ਨੂੰ ਇਸ ਮੌਕੇ ਤੇ ਉੱਘੀ ਸਾਹਿਤਕਾਰ ਤੇ ਗੁਰੂ ਕੀ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬ੍ਹੋ ਦੀ ਡੀਨ ਡਾ. ਗੁਰਪ੍ਰੀਤ ਕੌਰ ਨੇ ਰਬਾਬ ਦੀਆਂ ਸੁਰਾਂ ਤੇ ਤਰੰਗਾਂ ਸਿੱਖਨ ਲਈ ਗੁਰੂ ਧਾਰਿਆ। ਪਦਮ ਸ੍ਰੀ ਤੇ ਨਾਮਵਰ ਸੂਫ਼ੀ ਗਾਇਕ ਉਸਤਾਦ ਪੂਰਨ ਸ਼ਾਹ ਵਡਾਲੀ ਨੇ ਵੀ ਪੰਜਾਬੀ ਬੋਲੀ ਨੂੰ ਪ੍ਰਫੁੱਲਤ ਕਾਰਨ ਦਾ ਪ੍ਰਗਟਾਵਾ ਕੀਤਾ। ਸਮਾਰੋਹ ਦਾ ਆਗਾਜ਼ ਮੁੱਖ ਮਹਿਮਾਨ ਗੁਰਪ੍ਰੀਤ ਘੁੱਗੀ ਸਮਾਰੋਹ ਦੇ ਵਿਸ਼ੇਸ਼ ਮਹਿਮਾਨ ਦਲਬੀਰ ਸਿੰਘ ਕਥੂਰੀਆ, ਸ੍ਰੀ ਘੁਲੇ ਸ਼ਾਹ, ਮੇਜਬਾਨ ਸਿਫਰ ਸਤਬੀਰ ਸਿੰਘ ਤੇ ਹੋਰ ਦਰਜਨ ਦੇ ਕਰੀਬ ਮਹਿਮਾਨਾਂ ਵੱਲੋਂ ਸ਼ਮਾ ਰੋਸ਼ਨ ਕਰਕੇ ਕੀਤਾ ਗਿਆ।ਲੇਖਕ ਸਫਰ ਸਤਬੀਰ ਦੇ ਕਾਵ ਸੰਗਰਹਿ ਸਿਫਰ ਦਾ ਸਫਰ ਅਤੇ ਕਵਿਤਰੀ ਡਾਕਟਰ ਜਗਦੀਪ ਕੌਰ ਅਹੂਜਾ ਦੇ ਨਵ ਪ੍ਰਕਾਸ਼ਿਤ ਕਾਵ ਸੰਗ੍ਰਹਿ ਦੇ ਰਿਸ਼ਤਿਆਂ ਦੇ ਇਰਦ ਗਿਰਦ ਨੂੰ ਵੀ ਰਿਲੀਜ਼ ਕਰਨ ਦੀ ਰਸਮ ਅਦਾਇਗੀ ਹੋਈ।

ਸਮਾਰੋਹ ਚ ਸ਼ਾਮਿਲ ਮੁੱਖ ਮਹਿਮਾਨ ਗੁਰਪ੍ਰੀਤ ਘੁੱਗੀ ਤੇ ਪ੍ਰਬੰਧਕਾਂ ਵੱਲੋਂ ਨਾਮਵਰ ਪੱਤਰਕਾਰ ਤੇ ਸ਼ਾਇਰ ਐਸ.ਪ੍ਰਸ਼ੋਤਮ, ਫਿਲਮ ਅਭਿਨੇਤਰੀ, ਸ਼ਾਸ਼ਤਰੀ ਨਰਤਕੀ, ਗ਼ਜ਼ਲਗੋ ਤੇ ਚਿੱਤਰਕਾਰ ਡਾ.ਆਂਚਲ ਅਰੋੜਾ ਨੂੰ ਧੀ ਪੰਜਾਬ ਦੀ ਸਮੇਤ ਦਰਜਨਾਂ ਪ੍ਰਮੁੱਖ ਸਖਸ਼ੀਅਤਾਂ ਨੂੰ ਵੱਖ ਵੱਖ ਯਾਦਗਾਰੀ ਅਵਾਰਡਾਂ ਨਾਲ ਸਨਮਾਨਿਤ ਕੀਤਾ ਗਿਆ।ਮੰਚ ਸੰਚਾਲਨ ਦਲਬੀਰ ਰਿਆੜ ਨੇ ਕੀਤਾ। ਸਮਾਰੋਹ ਚ ਡਾਕਟਰ ਲੀਨਾ ਬੇਦੀ ਯੂਐਸਏ , ਜਸਵੀਰ ਸਿੰਘ ਵਿਰਕ, ਸ੍ਰੀਮਤੀ ਬਲਬੀਰ ਕੌਰ ਰਾਏ ਕੋਟੀ ਕੌਮੀ ਪ੍ਰਧਾਨ ਵਿਸ਼ਵ ਪੰਜਾਬੀ ਸਭਾ ਕਨੇਡਾ, ਡਾਕਟਰ ਅਮਰ ਜੋਤੀ, ਸ. ਅਮਰਜੀਤ ਸਿੰਘ ਪੱਪੂ ਭਾ ਜੀ,ਰਾਜਬੀਰ ਭਲੂਰੀਆ, ਡਾਕਟਰ ਜਸਵਿੰਦਰ ਕੌਰ ਜੱਸੀ, ਡਾਕਟਰ ਨਿਧੀ ਪਾਠਕ, ਅਰਤਿੰਦਰ ਸੰਧੂ, ਪਰਮਿੰਦਰ ਸੋਢੀ,ਰਜਿੰਦਰ ਮਾਝੀ, ਐੱਸ ਪਰਸ਼ੋਤਮ, ਸੋਹਣ ਸਿੰਘ ਗੇਦੂ, ਰੇਖਾ ਮਹਾਜਨ, ਰਾਜਬੀਰ ਜੰਨਤ, ਸਤੀਸ਼ ਵਿਦਰੋਹੀ, ਅਰਵਿੰਦਰ ਭੱਟੀ, ਦਲਜੀਤ ਸਿੰਘ ਟਰੈਫਿਕ ਇੰਚਾਰਜ, ਡਾਕਟਰ ਵਿਕਰਮਜੀਤ ਅੱਖਰ ਸਾਹਿਤ ਅਕਾਦਮੀ,ਸਰਬਜੀਤ ਸੰਧੂ, ਹਰਜੀਤ ਸਿੰਘ ਸੰਧੂ, ਮਲਵਿੰਦਰ, ਹਰਮੀਤ ਆਰਟਿਸਟ, ਜਸਵਿੰਦਰ ਬਿੱਟਾ, ਬਿਕਰਮਜੀਤ ਬਾਜਵਾ, ਆਦਿ ਮੌਜੂਦ ਸਨ ।



# 'ਬਾਜ਼ ਅੱਖ' ਐਂਟੀ-ਡਰੋਨ ਸਿਸਟਮ ਨੇ ਤਰਨ ਤਾਰਨ ਵਿੱਚ 4 ਕਿਲੋ ਹੈਰੋਇਨ ਨਾਲ ਭਰਿਆ ਡਰੋਨ ਕੀਤਾ ਬੇਅਸਰ



## ਸਰਹੱਦ ਪਾਰ ਦੇ ਹੈਂਡਲਰਾਂ, ਸਪਲਾਈ ਰੂਟਾਂ ਦੀ ਪਛਾਣ ਕਰਨ ਅਤੇ ਪੂਰੇ ਨੈੱਟਵਰਕ ਨੂੰ ਤਬਾਹ ਕਰਨ ਲਈ ਕੀਤੀ ਜਾ ਰਹੀ ਹੈ ਜਾਂਚ : ਡੀ.ਜੀ.ਪੀ. ਗੌਰਵ ਯਾਦਵ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚਲਾਈ ਜਾ ਰਹੀ ਮੁਹਿੰਮ ਦੌਰਾਨ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਨੈੱਟਵਰਕਾਂ ਵਿਰੁੱਧ ਵੱਡੀ ਸਫਲਤਾ ਵਿੱਚ ਤਰਨ ਤਾਰਨ ਪੁਲਿਸ ਨੇ ਸੀਮਾ ਸੁਰੱਖਿਆ ਬਲ (ਬੀ.ਐਸ.ਐਫ.) ਨਾਲ ਸਾਂਝੇ ਆਪ੍ਰੇਸ਼ਨ ਤਹਿਤ ਸਰਹੱਦੀ ਚੌਂਕੀ (ਬੀ.ਓ.ਪੀ.) ਕਾਲੀਆਂ ਨੇੜੇ ਦੇ ਖੇਤਾਂ ਤੋਂ 3.925 ਕਿਲੋ ਹੈਰੋਇਨ ਬਰਾਮਦ ਕੀਤੀ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਇੱਥੇ ਦਿੱਤੀ।

ਹੈਰੋਇਨ ਦੀ ਖੇਪ ਬਰਾਮਦ ਕਰਨ ਤੋਂ ਇਲਾਵਾ, ਪੁਲਿਸ ਟੀਮਾਂ ਨੇ ਇੱਕ ਡੀਜੇਆਈ ਮੈਟਰਿਸ ਡਰੋਨ ਵੀ ਬਰਾਮਦ ਕੀਤਾ ਹੈ, ਜਿਸਦੀ ਵਰਤੋਂ ਪਾਕਿਸਤਾਨ ਸਥਿਤ ਤਸਕਰਾਂ ਵੱਲੋਂ ਸਰਹੱਦ ਪਾਰੋਂ ਖੇਪ ਭੇਜਣ ਲਈ ਕੀਤੀ ਗਈ ਸੀ, ਜੋ ਉੱਨਤ ਤਕਨਾਲੋਜੀ ਰਾਹੀਂ ਸਰਹੱਦ ਪਾਰੋਂ ਤਸਕਰੀ ਦੀਆਂ ਕੋਸ਼ਿਸ਼ਾਂ ਵੱਲ ਇਸ਼ਾਰਾ ਕਰਦਾ ਹੈ।

ਡੀਜੀਪੀ ਨੇ ਕਿਹਾ ਕਿ ਸਰਹੱਦ ਪਾਰ ਦੇ ਹੈਂਡਲਰਾਂ ਦੀ ਪਛਾਣ ਕਰਨ, ਸਪਲਾਈ ਰੂਟਾਂ ਦਾ ਪਤਾ ਲਗਾਉਣ ਅਤੇ ਪੂਰੇ ਨੈੱਟਵਰਕ ਨੂੰ ਤਬਾਹ ਕਰਨ ਲਈ ਜਾਂਚ ਕੀਤੀ ਜਾ ਰਹੀ ਹੈ।

ਆਪ੍ਰੇਸ਼ਨ ਸਬੰਧੀ ਵੇਰਵੇ ਸਾਂਝੇ ਕਰਦਿਆਂ ਸੀਨੀਅਰ ਪੁਲਿਸ ਸੁਪਰਡੈਂਟ ਤਰਨ ਤਾਰਨ ਸੁਰੇਂਦਰ ਲਾਂਬਾ ਨੇ ਕਿਹਾ ਕਿ ਪੰਜਾਬ ਸਰਕਾਰ ਦੇ 'ਬਾਜ਼ ਅੱਖ' ਐਂਟੀ-ਡਰੋਨ ਸਿਸਟਮ ਨੇ ਸਰਹੱਦੀ ਚੌਂਕੀ (ਬੀ.ਓ.ਪੀ.) ਕਾਲੀਆਂ ਨੇੜੇ ਡਰੋਨ ਦੀਆਂ ਗਤੀਵਿਧੀਆਂ ਦਾ ਪਤਾ ਲਗਾਇਆ ਸੀ। ਇਸ 'ਤੇ ਤੇਜ਼ੀ ਨਾਲ ਕਾਰਵਾਈ ਕਰਦਿਆਂ ਪੁਲਿਸ ਟੀਮਾਂ ਨੇ ਤੁਰੰਤ ਬੀ.ਐਸ.ਐਫ. ਨੂੰ ਸੂਚਿਤ ਕੀਤਾ ਅਤੇ ਸਾਂਝੇ ਤੌਰ 'ਤੇ ਤਲਾਸ਼ੀ ਅਭਿਆਨ ਚਲਾਇਆ, ਜਿਸ ਨਾਲ ਹੈਰੋਇਨ ਦੀ ਖੇਪ ਨਾਲ ਭਰੇ ਡਰੋਨ ਨੂੰ ਬੇਅਸਰ ਕੀਤਾ ਗਿਆ, ਜੋ ਬਾਅਦ ਵਿੱਚ ਖੇਤਾਂ ਤੋਂ ਬਰਾਮਦ ਕੀਤਾ ਗਿਆ।

ਐਸ.ਐਸ.ਪੀ. ਨੇ ਕਿਹਾ ਕਿ ਜਿਨ੍ਹਾਂ ਵੱਲੋਂ ਇਹ ਹੈਰੋਇਨ ਦੀ ਖੇਪ ਪ੍ਰਾਪਤ ਕੀਤੀ ਜਾਣੀ ਸੀ , ਦੀ ਪਛਾਣ ਕਰਨ ਲਈ ਹੋਰ ਜਾਂਚ ਜਾਰੀ ਹੈ।ਇਸ ਸਬੰਧ ਵਿੱਚ ਐਫਆਈਆਰ ਨੰ. 20 ਮਿਤੀ 3/2/2026 ਨੂੰ ਤਰਨਤਾਰਨ ਦੇ ਪੁਲਿਸ ਥਾਣਾ ਵਲਟੋਹਾ ਵਿਖੇ ਐਨਡੀਪੀਐਸ ਐਕਟ ਦੀ ਧਾਰਾ 213 ਅਤੇ ਭਾਰਤੀ ਵਾਯੂਯਾਨ ਅਧਿਨੀਅਮ ਦੀ ਧਾਰਾ 25, 26 ਅਤੇ 29 ਤਹਿਤ ਕੇਸ ਦਰਜ ਕੀਤਾ ਗਿਆ ਹੈ।

# 13ਵੀ ਕੈਡਿਟ ਯੂਨੀਅਨ ਨੈਸ਼ਨਲ ਗੇਮ ਦੀਆਂ ਖਿਡਾਰਨਾਂ ਨੇ ਤਰਨ ਤਾਰਨ ਜ਼ਿਲ੍ਹੇ ਦਾ ਨਾਮ ਕੀਤਾ ਰੌਸ਼ਨ- ਜ਼ਿਲ੍ਹਾ ਖੇਡ ਅਫਸਰ



ਤਰਨ ਤਾਰਨ, 04 ਫਰਵਰੀ (ਗੁਰਪ੍ਰੀਤ ਸਿੰਘ ਕੱਦ ਗਿੱਲ)- ਜਿਲ੍ਹਾ ਖੇਡ ਅਫਸਰ ਤਰਨ ਤਾਰਨ ਸ੍ਰੀਮਤੀ ਸਤਵੰਤ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 13ਵੀ ਕੈਡਿਟ ਯੂਨੀਅਨ ਨੈਸ਼ਨਲ ਕੁਰਾਸ਼ ਚੈਂਪੀਅਨਸ਼ਿੱਪ 2025-2026 ਦੌਰਾਨ ਹੋਈਆਂ ਖੇਡਾਂ ਜੋ ਕਿ ਮਿਤੀ 8-1-2026 ਤੋਂ 11-1-2026 ਤੱਕ ਬਿਹਾਰ ਵਿਖੇ ਕਰਵਾਈਆਂ ਗਈਆਂ । ਜਿਸ ਵਿੱਚ ਜ਼ਿਲ੍ਹਾ ਤਰਨ ਤਾਰਨ ਕੈਡਿਟ ਗੇਮ ਵਿੱਚ ਕੁੱਲ ਪੰਜ ਖਿਡਾਰਨਾਂ ਨੇ ਭਾਗ ਲਿਆ। ਜਿਸ ਵਿੱਚ ਖਿਡਾਰਨ ਲਵਪ੍ਰੀਤ ਕੌਰ ਨੇ ਦੂਸਰਾ ਸਥਾਨ , ਖਿਡਾਰਨ ਗੁਰਵਿੰਦਰ ਕੌਰ ਨੇ ਤੀਸਰਾ ਸਥਾਨ ਹਾਸਿਲ ਕੀਤਾ ਅਤੇ ਖਿਡਾਰਨਾ ਅਰਸ਼ਦੀਪ ਕੌਰ ਪੂਜਾ ਖੁਸ਼ਪ੍ਰੀਤ ਕੌਰ ਨੇ ਭਾਗ ਲਿਆ ।

ਉਨ੍ਹਾਂ ਕਿਹਾ ਕਿ ਜੂਨੀਅਰ ਵਿੱਚ ਕੁੱਲ ਸੱਤ ਖਿਡਾਰਨਾਂ ਨੇ ਭਾਗ ਲਿਆ । ਜਿਸ ਵਿੱਚ ਕਿਰਨਦੀਪ ਕੌਰ ਨੇ ਦੂਸਰਾ ਸਥਾਨ ਗਗਨਦੀਪ ਕੌਰ ਨੇ ਤੀਸਰਾ ਸਥਾਨ ਹਾਸਿਲ ਕੀਤਾ ਖਿਡਾਰਨਾ ਰੁਪਿੰਦਰ ਕੌਰ ਸਰਪ੍ਰੀਤ ਕੌਰ ਸਾਕਸ਼ੀ ਝਾਂ ਮਨਰੋਜ ਬੀਰ ਸਿੰਘ ਸੁਖਮਨਪ੍ਰੀਤ ਕੌਰ ਨੇ ਭਾਗ ਲਿਆ । ਇਹਨਾਂ ਖਿਡਾਰਨਾਂ ਨੇ ਜ਼ਿਲ੍ਹਾ ਤਰਨ ਤਾਰਨ ਦਾ ਨਾਮ ਰੌਸ਼ਨ ਕੀਤਾ । ਜਿਲਾ ਤਰਨ ਤਾਰਨ ਵਿਖੇ ਪਹੁੰਚਣ ਤੇ ਗੇਮ ਇੰਚਾਰਜ ਮੈਡਮ ਸੁਖਜੀਤ ਕੌਰ ਅਤੇ ਖਿਡਾਰਨਾਂ ਨੂੰ ਜ਼ਿਲਾ ਖੇਡ ਅਫਸਰ ਵੱਲੋਂ ਬਹੁਤ ਵਧਾਈਆਂ ਦਿੱਤੀਆਂ ਗਈਆਂ। ਇਸ ਮੌਕੇ ਸ਼੍ਰੀਮਤੀ ਸਤਵੰਤ ਕੌਰ ਜ਼ਿਲ੍ਹਾ ਖੇਡ ਅਫਸਰ, ਸ੍ਰੀ ਬਲਜੀਤ ਸਿੰਘ ਸੀਨੀਅਰ ਸਹਾਇਕ ਅਤੇ ਸਮੂਹ ਸਟਾਫ ਨੇ ਬਹੁਤ ਮੁਬਾਰਕਾਂ ਦਿੱਤੀਆਂ।

# ਪੰਜਾਬ 'ਚ ਔਰਤਾਂ ਲਈ ਮੁਫ਼ਤ ਸਫ਼ਰ ਦੇ ਨਿਯਮ ਬਦਲੇ: ਆਧਾਰ ਕਾਰਡ ਦੀ ਥਾਂ ਹੁਣ ਬਣਨਗੇ 'ਸਮਾਰਟ ਕਾਰਡ', ਜਾਣੋ ਕਿਵੇਂ ਹੋਵੇਗੀ ਰਜਿਸਟ੍ਰੇਸ਼ਨ



ਪੰਜਾਬ ਦੀਆਂ ਸਰਕਾਰੀ ਬੱਸਾਂ ਵਿੱਚ ਮੁਫ਼ਤ ਸਫ਼ਰ ਕਰਨ ਵਾਲੀਆਂ ਔਰਤਾਂ ਲਈ ਇੱਕ ਅਹਿਮ ਖ਼ਬਰ ਹੈ। ਸੂਬਾ ਸਰਕਾਰ ਨੇ ਇਸ ਸਹੂਲਤ ਨੂੰ ਹੋਰ ਪਾਰਦਰਸ਼ੀ ਅਤੇ ਸੁਵਿਧਾਜਨਕ ਬਣਾਉਣ ਲਈ ਨਵੀਂ ਪ੍ਰਕਿਰਿਆ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਹੁਣ ਤੱਕ ਔਰਤਾਂ ਨੂੰ ਬੱਸਾਂ ਵਿੱਚ ਸਫ਼ਰ ਦੌਰਾਨ ਆਪਣਾ ਆਧਾਰ ਕਾਰਡ ਦਿਖਾਉਣਾ ਪੈਂਦਾ ਸੀ, ਪਰ ਆਉਣ ਵਾਲੇ ਸਮੇਂ ਵਿੱਚ ਇਸ ਦੀ ਥਾਂ 'ਸਮਾਰਟ ਕਾਰਡ' (Smart Cards) ਲੈ ਲੈਣਗੇ।ਕਿਉਂ ਪਈ ਸਮਾਰਟ ਕਾਰਡ ਦੀ ਲੋੜ? ਟਰਾਂਸਪੋਰਟ ਵਿਭਾਗ ਅਨੁਸਾਰ, ਆਧਾਰ ਕਾਰਡ ਰਾਹੀਂ ਸਫ਼ਰ ਕਰਨ ਵੇਲੇ ਕਈ ਵਾਰ ਤਕਨੀਕੀ ਦਿੱਕਤਾਂ ਆਉਂਦੀਆਂ ਸਨ ਅਤੇ ਕਈ ਵਾਰ ਡਾਟਾ ਦੀ ਗੜਬੜੀ ਕਾਰਨ ਸਰਕਾਰ ਨੂੰ ਅਸਲ ਲਾਭਪਾਤਰੀਆਂ ਦੀ ਗਿਣਤੀ ਦਾ ਪਤਾ ਲਗਾਉਣ ਵਿੱਚ ਮੁਸ਼ਕਲ ਹੁੰਦੀ ਸੀ। ਸਮਾਰਟ ਕਾਰਡ ਵਿੱਚ ਇੱਕ ਚਿੱਪ ਲੱਗੀ ਹੋਵੇਗੀ, ਜਿਸ ਨੂੰ ਕੰਡਕਟਰ ਦੀ ਮਸ਼ੀਨ 'ਤੇ ਸਵਾਈਪ ਕਰਦਿਆਂ ਹੀ ਸਾਰੀ ਜਾਣਕਾਰੀ ਦਰਜ ਹੋ ਜਾਵੇਗੀ। ਇਸ ਨਾਲ ਨਾ ਸਿਰਫ਼ ਸਮੇਂ ਦੀ ਬਚਤ ਹੋਵੇਗੀ, ਬਲਕਿ ਜਾਅਲੀ ਕਾਰਡਾਂ ਦੀ ਵਰਤੋਂ 'ਤੇ ਵੀ ਰੋਕ ਲੱਗੇਗੀ।

ਕਿਵੇਂ ਬਣਨਗੇ ਇਹ ਕਾਰਡ? ਸਰਕਾਰ ਜਲਦੀ ਹੀ ਇਨ੍ਹਾਂ ਕਾਰਡਾਂ ਦੀ ਰਜਿਸਟ੍ਰੇਸ਼ਨ ਲਈ ਇੱਕ ਵਿਸ਼ੇਸ਼ ਪੋਰਟਲ ਅਤੇ ਮੋਬਾਈਲ ਐਪ ਲਾਂਚ ਕਰੇਗੀ। ਔਰਤਾਂ ਆਪਣੇ ਨਜ਼ਦੀਕੀ ਸੇਵਾ ਕੇਂਦਰਾਂ ਰਾਹੀਂ ਵੀ ਇਸ ਲਈ ਅਪਲਾਈ ਕਰ ਸਕਣਗੀਆਂ। ਸ਼ੁਰੂਆਤੀ ਪੜਾਅ ਵਿੱਚ ਆਧਾਰ ਕਾਰਡ ਵੀ ਚੱਲਦਾ ਰਹੇਗਾ, ਪਰ ਹੌਲੀ-ਹੌਲੀ ਸਮਾਰਟ ਕਾਰਡ ਨੂੰ ਲਾਜ਼ਮੀ ਕਰ ਦਿੱਤਾ ਜਾਵੇਗਾ। ਇਸ ਕਦਮ ਨਾਲ ਜਿੱਥੇ ਔਰਤਾਂ ਨੂੰ ਵਾਰ-ਵਾਰ ਪਛਾਣ ਪੱਤਰ ਦਿਖਾਉਣ ਦੇ ਝੰਜਟ ਤੋਂ ਮੁਕਤੀ ਮਿਲੇਗੀ, ਉੱਥੇ ਹੀ ਟਰਾਂਸਪੋਰਟ ਵਿਭਾਗ ਕੋਲ ਵੀ ਸਫ਼ਰ ਕਰਨ ਵਾਲੀਆਂ ਔਰਤਾਂ ਦਾ ਸਹੀ ਰਿਕਾਰਡ ਰਹੇਗਾ।

# ਹਲਦੀ ਦਾ ਪ੍ਰੋਸੈਸਿੰਗ ਪਲਾਂਟ ਬਣਿਆ ਆਮਦਨ ਦਾ ਵਧੀਆ ਸਰੋਤ - ਮੁੱਖ ਖੇਤੀਬਾੜੀ ਅਫ਼ਸਰ




## ਰਵਾਇਤੀ ਖੇਤੀ ਦੇ ਨਾਲ ਜਰੂਰੀ ਸਹਾਇਕ ਧੰਦੇ।

ਪੰਜਾਬ ਸਰਕਾਰ ਦੇ ਹੁਕਮਾਂ ਤਹਿਤ ਅਤੇ ਖੇਤੀਬਾੜੀ ਵਿਭਾਗ ਦੇ ਸਹਿਯੋਗ ਨਾਲ ਕਿਸਾਨਾਂ ਨੂੰ ਸਹਾਇਕ ਧੰਦਿਆਂ ਸਬੰਧੀ ਪ੍ਰੇਰਿਤ ਕਰਨ ਦੇ ਉਦੇਸ ਨਾਲ ਜਿਲਾ ਤਰਨ ਤਾਰਨ ਦੇ ਮੁੱਖ ਖੇਤੀਬਾੜੀ ਅਫਸਰ ਡਾ. ਤੇਜਬੀਰ ਸਿੰਘ ਭੰਗੂ ਦੇ ਦਿਸਾ ਨਿਰਦੇਸਾਂ ਤਹਿਤ ਡਾ. ਯਾਦਵਿੰਦਰ ਸਿੰਘ ਬਲਾਕ ਟੈਕਨੋਲੋਜੀ ਮੈਨੇਜਰ ਖਡੂਰ ਸਾਹਿਬ ਵੱਲੋਂ ਹਲਦੀ ਪ੍ਰੋਸੈਸਿੰਗ ਪਲਾਂਟ ਨਾਗੋਕੇ ਦਾ ਦੌਰਾ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਪ੍ਰੈਸ ਨਾਲ ਗੱਲਬਾਤ ਕਰਦਿਆਂ ਸ੍ਰੀ ਕ੍ਰਿਸ਼ਨ ਕੁਮਾਰ ਨੇ ਦੱਸਿਆ ਕਿ 2011-12 ਵਿੱਚ ਉਨਾਂ ਨੇ ਰਵਾਇਤੀ ਖੇਤੀ ਦੇ ਨਾਲ-ਨਾਲ ਹਲਦੀ ਬੀਜਣ ਦੀ ਸੁਰੂਆਤ ਵੀ ਕੀਤੀ। ਉਨਾਂ ਨੇ ਸ਼ੁਰੂਆਤ ਵਿੱਚ ਇੱਕ ਕਿੱਲੇ ਵਿੱਚ ਹਲਦੀ ਦੀ ਬਿਜਾਈ ਕੀਤੀ । ਸ੍ਰੀ ਕ੍ਰਿਸ਼ਨ ਕੁਮਾਰ ਦੀ ਮਾਲਕੀ 6 ਏਕੜ ਹੈ, ਜਿਵੇਂ-ਜਿਵੇਂ ਸਮਾਂ ਬੀਤਦਾ ਗਿਆ, ਉਸ ਤਰ੍ਹਾਂ ਹੀ ਸ੍ਰੀ ਕ੍ਰਿਸ਼ਨ ਕੁਮਾਰ ਅਤੇ ਉਹਨਾਂ ਦੇ ਹਿੱਸੇਦਾਰ ਸ੍ਰੀ ਅਮਰਜੀਤ ਸਿੰਘ ਦੀ ਦਿਲਚਸਪੀ ਹੋਰ ਵਧੀ ਅਤੇ ਉਨਾਂ ਨੇ ਹਲਦੀ ਦਾ ਪ੍ਰੋਸੈਸਿੰਗ ਪਲਾਂਟ ਵੀ ਨਾਲ ਲਗਾ ਲਿਆ।

ਉਨਾਂ ਨੇ ਕਣਕ ਝੋਨੇ ਦੀ ਰਵਾਇਤੀ ਖੇਤੀ ਦੇ ਨਾਲ-ਨਾਲ ਕਣਕ ਝੋਨੇ ਨੂੰ ਬੀਜਣ ਵਾਸਤੇ ਉਹਨਾਂ ਤਕਨੀਕਾਂ ਨੂੰ ਅਪਣਾਇਆ, ਜਿਨਾਂ ਦੇ ਨਾਲ ਪਾਣੀ ਦੀ ਵਰਤੋਂ ਘੱਟ ਹੁੰਦੀ ਹੈ ਅਤੇ ਜਮੀਨ ਦੀ ਉਪਜਾਊ ਸਕਤੀ ਵਧਦੀ ਹੈ, ਜਿਵੇਂ ਕਿ ਝੋਨੇ ਦੀ ਸਿੱਧੀ ਬਿਜਾਈ ਅਤੇ ਕਣਕ ਦੀ ਸੁਪਰ ਸੀਡਰ ਹੈਪੀ ਸੀਡਰ ਨਾਲ ਬਿਜਾਈ। ਉਹ ਆਪਣੇ ਪਰਿਵਾਰ ਦੇ ਖਾਣ ਲਈ ਕਣਕ ਅਤੇ ਬਾਸਮਤੀ ਦੀ ਜੈਵਿਕ ਕਾਸਤ ਕਰਦੇ ਹਨ, ਅਤੇ ਉਨਾਂ ਨੇ ਪਿਛਲੇ 7-8 ਸਾਲਾਂ ਤੋਂ ਪਰਾਲੀ ਅਤੇ ਕਣਕ ਦੇ ਨਾੜ ਨੂੰ ਅੱਗ ਨਹੀਂ ਲਗਾਈ।

ਉਨਾਂ ਨੇ ਹਲਦੀ ਦੇ ਪ੍ਰੋਸੈਸਿੰਗ ਪਲਾਂਟ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਆਪਣੇ ਨਾਲ ਪੰਜ ਤੋਂ ਸੱਤ ਕਿਸਾਨਾਂ ਨੂੰ ਜੋੜਿਆ ਜਿੰਨਾ ਕੋਲੋਂ ਉਹ ਹਲਦੀ ਬਿਜਵਾਏ ਹਨ ਅਤੇ ਉਸ ਨੂੰ ਆਪਣੇ ਪ੍ਰੋਸੈਸਿੰਗ ਪਲਾਂਟ ਵਿੱਚ ਉਬਾਲ ਕੇ ਪੀਸ ਕੇ ਖਪਤਕਾਰਾਂ ਤੱਕ ਪਹੁੰਚਾਉਂਦੇ ਹਨ।

ਉਨਾਂ ਨੇ ਦੱਸਿਆ ਕਿ ਹਲਦੀ ਦਸ ਮਹੀਨੇ ਦੀ ਫਸਲ ਹੈ ਅਤੇ ਇਸ ਵਿੱਚੋਂ ਚੰਗੀ ਕਮਾਈ ਹੋ ਜਾਂਦੀ ਹੈ। ਯਾਦਵਿੰਦਰ ਸਿੰਘ ਨੇ ਦੱਸਿਆ ਕਿ ਉਨਾਂ ਦੇ ਪਲਾਂਟ ਵਿੱਚ 5-7 ਵਰਕਰ ਕੰਮ ਕਰਦੇ ਹਨ ਅਤੇ ਉਹ ਪ੍ਰੋਸੈਸਿੰਗ ਪਲਾਂਟ ਵਿੱਚ ਕੰਮ ਕਰਕੇ ਖੁਸ਼ ਹਨ ਅਤੇ ਮੈਨੂੰ ਵੀ ਖੁਸੀ ਮਿਲਦੀ ਹੈ, ਕਿ ਮੇਰੇ ਇਸ ਪਲਾਂਟ ਨਾਲ ਉਹਨਾਂ ਦੀ ਰੋਜੀ ਰੋਟੀ ਚੱਲਦੀ ਹੈ ਅਤੇ ਆਤਮਾ ਅਤੇ ਡਾ: ਯਾਦਵਿੰਦਰ ਸਿੰਘ ਬਲਾਕ ਟੈਕਨੋਲੋਜੀ ਮੈਨੇਜਰ ਖਡੂਰ ਸਾਹਿਬ ਦੀ ਪ੍ਰੇਰਨਾ ਸਦਕਾ ਉਹ ਇਸ ਖੇਤਰ ਵਿੱਚ ਆਏ।

ਗੱਲਬਾਤ ਦੌਰਾਨ ਉਹਨਾਂ ਨੇ ਦੱਸਿਆ ਕਿ ਰੋਜਾਨਾ ਦੀ 40-50 ਕਿੱਲੋ ਹਲਦੀ ਰਿਟੇਲ ਵਿੱਚ ਸੇਲ ਹੋ ਜਾਂਦੀ ਹੈ, ਤੇ ਹਲਦੀ ਦਾ ਰਿਟੇਲ ਮੁੱਲ 240/- ਰੁਪਏ ਪ੍ਰਤੀ ਕਿਲੋ ਹੈ, ਜਿੰਨਾ ਖਪਤਕਾਰਾਂ ਨੇ ਹਲਦੀ ਖਰੀਦਣੀ ਹੈ, ਉਹ ਸ੍ਰੀ ਕ੍ਰਿਸ਼ਨ ਕੁਮਾਰ ਦੇ ਮੋਬਾਇਲ ਨੰਬਰ 94171-21387 ਤੇ ਸੰਪਰਕ ਕਰ ਸਕਦੇ ਹਨ। ਇਸ ਮੌਕੇ ਉਹਨਾਂ ਦੇ ਨਾਲ ਸ੍ਰੀ ਰੁਪਿੰਦਰਜੀਤ ਸਿੰਘ ਖੇਤੀਬਾੜੀ ਵਿਸਥਾਰ ਅਫਸਰ, ਅਮਰਜੀਤ ਸਿੰਘ, ਕ੍ਰਿਸ਼ਨ ਕੁਮਾਰ, ਹਰਦਿਆਲ ਸਿੰਘ ਗੁਰਮੀਤ ਸਿੰਘ, ਸਰ ਬੇਅੰਤ ਕੌਰ ਹਾਜ਼ਰ ਸਨ। ਯੋਜਨਾਵਾਂ ਬਾਰੇ ਗੱਲਬਾਤ ਕਰਦਿਆਂ ਉਹਨਾਂ ਕਿਹਾ ਕਿ ਉਹ ਭਵਿੱਖ ਵਿੱਚ ਹਲਦੀ ਦੀ ਖੇਤੀ ਅਤੇ ਪ੍ਰੋਸੈਸਿੰਗ ਦੇ ਕੰਮ ਦਾ ਵਿਸਥਾਰ ਕਰਨਾ ਚਾਹੁੰਦੇ ਹਨ, ਅਤੇ ਜੈਵਿਕ ਖੇਤੀ ਕਰ ਰਹੇ ਕਿਸਾਨਾਂ ਦਾ ਇੱਕ ਗਰੁੱਪ ਬਣਾਉਣਾ ਚਾਹੁੰਦੇ ਹਨ। ਗਰੁੱਪ ਦੇ ਵਰਤਣ ਲਈ ਸਧਾਰਣ ਮਸ਼ੀਨਾਂ ਖਰੀਦਣਾ ਚਾਹੁੰਦੇ ਹਨ ਅਤੇ ਜੈਵਿਕ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਸਹਿਯੋਗ ਦੇਣਾ ਚਾਹੁੰਦੇ ਹਨ।

ਅਖੀਰ ਵਿੱਚ ਉਹਨਾਂ ਕਿਹਾ ਕਿ ਮੈਂ ਇੱਕ ਸੰਦੇਸ਼ ਕਿਸਾਨਾਂ ਨੂੰ ਦੇਣਾ ਚਾਹੁੰਦਾ ਹਾਂ ਕਿ ਵਾਤਾਵਰਣ ਨੂੰ ਬਚਾਉਣ ਲਈ ਰਿਵਾਇਤੀ ਖੇਤੀ ਦੇ ਨਾਲ-ਨਾਲ ਜੈਵਿਕ ਖੇਤੀ ਨੂੰ ਤਰਜੀਹ ਦੇਣੀ ਚਾਹੀਦੀ ਹੈ, ਜੋ ਬਹੁਤ ਮਹੱਤਵਪੂਰਣ ਹੈ। ਸਾਰਿਆਂ ਨੂੰ ਜੈਵਿਕ ਖੇਤੀ ਕਰਨੀ ਚਾਹੀਦੀ ਹੈ ਅਤੇ ਜੈਵਿਕ ਖਾਣਾ ਚਾਹੀਦਾ ਹੈ, ਇਸ ਪ੍ਰਕਾਰ ਪ੍ਰਦੂਸ਼ਣ ਨੂੰ ਵੀ ਘੱਟ ਕੀਤਾ ਜਾ ਸਕਦਾ ਹੈ।



# ਹਲਦੀ ਦਾ ਪ੍ਰੋਸੈਸਿੰਗ ਪਲਾਂਟ ਬਣਿਆ ਆਮਦਨ ਦਾ ਵਧੀਆ ਸਰੋਤ - ਮੁੱਖ ਖੇਤੀਬਾੜੀ ਅਫ਼ਸਰ




## ਰਵਾਇਤੀ ਖੇਤੀ ਦੇ ਨਾਲ ਜਰੂਰੀ ਸਹਾਇਕ ਧੰਦੇ।

ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨਤਾਰਨ 3 ਫਰਵਰੀ

ਪੰਜਾਬ ਸਰਕਾਰ ਦੇ ਹੁਕਮਾਂ ਤਹਿਤ ਅਤੇ ਖੇਤੀਬਾੜੀ ਵਿਭਾਗ ਦੇ ਸਹਿਯੋਗ ਨਾਲ ਕਿਸਾਨਾਂ ਨੂੰ ਸਹਾਇਕ ਧੰਦਿਆਂ ਸਬੰਧੀ ਪ੍ਰੇਰਿਤ ਕਰਨ ਦੇ ਉਦੇਸ ਨਾਲ ਜਿਲਾ ਤਰਨ ਤਾਰਨ ਦੇ ਮੁੱਖ ਖੇਤੀਬਾੜੀ ਅਫਸਰ ਡਾ. ਤੇਜਬੀਰ ਸਿੰਘ ਭੰਗੂ ਦੇ ਦਿਸਾ ਨਿਰਦੇਸਾਂ ਤਹਿਤ ਡਾ. ਯਾਦਵਿੰਦਰ ਸਿੰਘ ਬਲਾਕ ਟੈਕਨੋਲੋਜੀ ਮੈਨੇਜਰ ਖਡੂਰ ਸਾਹਿਬ ਵੱਲੋਂ ਹਲਦੀ ਪ੍ਰੋਸੈਸਿੰਗ ਪਲਾਂਟ ਨਾਗੋਕੇ ਦਾ ਦੌਰਾ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਪ੍ਰੈਸ ਨਾਲ ਗੱਲਬਾਤ ਕਰਦਿਆਂ ਸ੍ਰੀ ਕ੍ਰਿਸ਼ਨ ਕੁਮਾਰ ਨੇ ਦੱਸਿਆ ਕਿ 2011-12 ਵਿੱਚ ਉਨਾਂ ਨੇ ਰਵਾਇਤੀ ਖੇਤੀ ਦੇ ਨਾਲ-ਨਾਲ ਹਲਦੀ ਬੀਜਣ ਦੀ ਸੁਰੂਆਤ ਵੀ ਕੀਤੀ। ਉਨਾਂ ਨੇ ਸ਼ੁਰੂਆਤ ਵਿੱਚ ਇੱਕ ਕਿੱਲੇ ਵਿੱਚ ਹਲਦੀ ਦੀ ਬਿਜਾਈ ਕੀਤੀ । ਸ੍ਰੀ ਕ੍ਰਿਸ਼ਨ ਕੁਮਾਰ ਦੀ ਮਾਲਕੀ 6 ਏਕੜ ਹੈ, ਜਿਵੇਂ-ਜਿਵੇਂ ਸਮਾਂ ਬੀਤਦਾ ਗਿਆ, ਉਸ ਤਰ੍ਹਾਂ ਹੀ ਸ੍ਰੀ ਕ੍ਰਿਸ਼ਨ ਕੁਮਾਰ ਅਤੇ ਉਹਨਾਂ ਦੇ ਹਿੱਸੇਦਾਰ ਸ੍ਰੀ ਅਮਰਜੀਤ ਸਿੰਘ ਦੀ ਦਿਲਚਸਪੀ ਹੋਰ ਵਧੀ ਅਤੇ ਉਨਾਂ ਨੇ ਹਲਦੀ ਦਾ ਪ੍ਰੋਸੈਸਿੰਗ ਪਲਾਂਟ ਵੀ ਨਾਲ ਲਗਾ ਲਿਆ।

ਉਨਾਂ ਨੇ ਕਣਕ ਝੋਨੇ ਦੀ ਰਵਾਇਤੀ ਖੇਤੀ ਦੇ ਨਾਲ-ਨਾਲ ਕਣਕ ਝੋਨੇ ਨੂੰ ਬੀਜਣ ਵਾਸਤੇ ਉਹਨਾਂ ਤਕਨੀਕਾਂ ਨੂੰ ਅਪਣਾਇਆ, ਜਿਨਾਂ ਦੇ ਨਾਲ ਪਾਣੀ ਦੀ ਵਰਤੋਂ ਘੱਟ ਹੁੰਦੀ ਹੈ ਅਤੇ ਜਮੀਨ ਦੀ ਉਪਜਾਊ ਸਕਤੀ ਵਧਦੀ ਹੈ, ਜਿਵੇਂ ਕਿ ਝੋਨੇ ਦੀ ਸਿੱਧੀ ਬਿਜਾਈ ਅਤੇ ਕਣਕ ਦੀ ਸੁਪਰ ਸੀਡਰ ਹੈਪੀ ਸੀਡਰ ਨਾਲ ਬਿਜਾਈ। ਉਹ ਆਪਣੇ ਪਰਿਵਾਰ ਦੇ ਖਾਣ ਲਈ ਕਣਕ ਅਤੇ ਬਾਸਮਤੀ ਦੀ ਜੈਵਿਕ ਕਾਸਤ ਕਰਦੇ ਹਨ, ਅਤੇ ਉਨਾਂ ਨੇ ਪਿਛਲੇ 7-8 ਸਾਲਾਂ ਤੋਂ ਪਰਾਲੀ ਅਤੇ ਕਣਕ ਦੇ ਨਾੜ ਨੂੰ ਅੱਗ ਨਹੀਂ ਲਗਾਈ।

ਉਨਾਂ ਨੇ ਹਲਦੀ ਦੇ ਪ੍ਰੋਸੈਸਿੰਗ ਪਲਾਂਟ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਆਪਣੇ ਨਾਲ ਪੰਜ ਤੋਂ ਸੱਤ ਕਿਸਾਨਾਂ ਨੂੰ ਜੋੜਿਆ ਜਿੰਨਾ ਕੋਲੋਂ ਉਹ ਹਲਦੀ ਬਿਜਵਾਏ ਹਨ ਅਤੇ ਉਸ ਨੂੰ ਆਪਣੇ ਪ੍ਰੋਸੈਸਿੰਗ ਪਲਾਂਟ ਵਿੱਚ ਉਬਾਲ ਕੇ ਪੀਸ ਕੇ ਖਪਤਕਾਰਾਂ ਤੱਕ ਪਹੁੰਚਾਉਂਦੇ ਹਨ।

ਉਨਾਂ ਨੇ ਦੱਸਿਆ ਕਿ ਹਲਦੀ ਦਸ ਮਹੀਨੇ ਦੀ ਫਸਲ ਹੈ ਅਤੇ ਇਸ ਵਿੱਚੋਂ ਚੰਗੀ ਕਮਾਈ ਹੋ ਜਾਂਦੀ ਹੈ। ਯਾਦਵਿੰਦਰ ਸਿੰਘ ਨੇ ਦੱਸਿਆ ਕਿ ਉਨਾਂ ਦੇ ਪਲਾਂਟ ਵਿੱਚ 5-7 ਵਰਕਰ ਕੰਮ ਕਰਦੇ ਹਨ ਅਤੇ ਉਹ ਪ੍ਰੋਸੈਸਿੰਗ ਪਲਾਂਟ ਵਿੱਚ ਕੰਮ ਕਰਕੇ ਖੁਸ਼ ਹਨ ਅਤੇ ਮੈਨੂੰ ਵੀ ਖੁਸੀ ਮਿਲਦੀ ਹੈ, ਕਿ ਮੇਰੇ ਇਸ ਪਲਾਂਟ ਨਾਲ ਉਹਨਾਂ ਦੀ ਰੋਜੀ ਰੋਟੀ ਚੱਲਦੀ ਹੈ ਅਤੇ ਆਤਮਾ ਅਤੇ ਡਾ: ਯਾਦਵਿੰਦਰ ਸਿੰਘ ਬਲਾਕ ਟੈਕਨੋਲੋਜੀ ਮੈਨੇਜਰ ਖਡੂਰ ਸਾਹਿਬ ਦੀ ਪ੍ਰੇਰਨਾ ਸਦਕਾ ਉਹ ਇਸ ਖੇਤਰ ਵਿੱਚ ਆਏ।

ਗੱਲਬਾਤ ਦੌਰਾਨ ਉਹਨਾਂ ਨੇ ਦੱਸਿਆ ਕਿ ਰੋਜਾਨਾ ਦੀ 40-50 ਕਿੱਲੋ ਹਲਦੀ ਰਿਟੇਲ ਵਿੱਚ ਸੇਲ ਹੋ ਜਾਂਦੀ ਹੈ, ਤੇ ਹਲਦੀ ਦਾ ਰਿਟੇਲ ਮੁੱਲ 240/- ਰੁਪਏ ਪ੍ਰਤੀ ਕਿਲੋ ਹੈ, ਜਿੰਨਾ ਖਪਤਕਾਰਾਂ ਨੇ ਹਲਦੀ ਖਰੀਦਣੀ ਹੈ, ਉਹ ਸ੍ਰੀ ਕ੍ਰਿਸ਼ਨ ਕੁਮਾਰ ਦੇ ਮੋਬਾਇਲ ਨੰਬਰ 94171-21387 ਤੇ ਸੰਪਰਕ ਕਰ ਸਕਦੇ ਹਨ। ਇਸ ਮੌਕੇ ਉਹਨਾਂ ਦੇ ਨਾਲ ਸ੍ਰੀ ਰੁਪਿੰਦਰਜੀਤ ਸਿੰਘ ਖੇਤੀਬਾੜੀ ਵਿਸਥਾਰ ਅਫਸਰ, ਅਮਰਜੀਤ ਸਿੰਘ, ਕ੍ਰਿਸ਼ਨ ਕੁਮਾਰ, ਹਰਦਿਆਲ ਸਿੰਘ ਗੁਰਮੀਤ ਸਿੰਘ, ਸਰ ਬੇਅੰਤ ਕੌਰ ਹਾਜ਼ਰ ਸਨ। ਯੋਜਨਾਵਾਂ ਬਾਰੇ ਗੱਲਬਾਤ ਕਰਦਿਆਂ ਉਹਨਾਂ ਕਿਹਾ ਕਿ ਉਹ ਭਵਿੱਖ ਵਿੱਚ ਹਲਦੀ ਦੀ ਖੇਤੀ ਅਤੇ ਪ੍ਰੋਸੈਸਿੰਗ ਦੇ ਕੰਮ ਦਾ ਵਿਸਥਾਰ ਕਰਨਾ ਚਾਹੁੰਦੇ ਹਨ, ਅਤੇ ਜੈਵਿਕ ਖੇਤੀ ਕਰ ਰਹੇ ਕਿਸਾਨਾਂ ਦਾ ਇੱਕ ਗਰੁੱਪ ਬਣਾਉਣਾ ਚਾਹੁੰਦੇ ਹਨ। ਗਰੁੱਪ ਦੇ ਵਰਤਣ ਲਈ ਸਧਾਰਣ ਮਸ਼ੀਨਾਂ ਖਰੀਦਣਾ ਚਾਹੁੰਦੇ ਹਨ ਅਤੇ ਜੈਵਿਕ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਸਹਿਯੋਗ ਦੇਣਾ ਚਾਹੁੰਦੇ ਹਨ।

ਅਖੀਰ ਵਿੱਚ ਉਹਨਾਂ ਕਿਹਾ ਕਿ ਮੈਂ ਇੱਕ ਸੰਦੇਸ਼ ਕਿਸਾਨਾਂ ਨੂੰ ਦੇਣਾ ਚਾਹੁੰਦਾ ਹਾਂ ਕਿ ਵਾਤਾਵਰਣ ਨੂੰ ਬਚਾਉਣ ਲਈ ਰਿਵਾਇਤੀ ਖੇਤੀ ਦੇ ਨਾਲ-ਨਾਲ ਜੈਵਿਕ ਖੇਤੀ ਨੂੰ ਤਰਜੀਹ ਦੇਣੀ ਚਾਹੀਦੀ ਹੈ, ਜੋ ਬਹੁਤ ਮਹੱਤਵਪੂਰਣ ਹੈ। ਸਾਰਿਆਂ ਨੂੰ ਜੈਵਿਕ ਖੇਤੀ ਕਰਨੀ ਚਾਹੀਦੀ ਹੈ ਅਤੇ ਜੈਵਿਕ ਖਾਣਾ ਚਾਹੀਦਾ ਹੈ, ਇਸ ਪ੍ਰਕਾਰ ਪ੍ਰਦੂਸ਼ਣ ਨੂੰ ਵੀ ਘੱਟ ਕੀਤਾ ਜਾ ਸਕਦਾ ਹੈ।

# 13ਵੀ ਕੈਡਿਟ ਯੂਨੀਅਨ ਨੈਸ਼ਨਲ ਗੇਮ ਦੀਆਂ ਖਿਡਾਰਨਾਂ ਨੇ ਤਰਨ ਤਾਰਨ ਜ਼ਿਲ੍ਹੇ ਦਾ ਨਾਮ ਕੀਤਾ ਰੌਸ਼ਨ- ਜ਼ਿਲ੍ਹਾ ਖੇਡ ਅਫਸਰ



**ਗੁਰਪ੍ਰੀਤ ਸਿੰਘ ਕੱਦ ਗਿੱਲ, ਤਰਨਤਾਰਨ 3 ਫਰਵਰੀ।**

ਜਿਲ੍ਹਾ ਖੇਡ ਅਫਸਰ ਤਰਨ ਤਾਰਨ ਸ੍ਰੀਮਤੀ ਸਤਵੰਤ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 13ਵੀ ਕੈਡਿਟ ਯੂਨੀਅਨ ਨੈਸ਼ਨਲ ਕੁਰਾਸ਼ ਚੈਂਪੀਅਨਸ਼ਿਪ 2025-2026 ਦੌਰਾਨ ਹੋਈਆਂ ਖੇਡਾਂ ਜੋ ਕਿ ਮਿਤੀ 8-1-2026 ਤੋਂ 11-1-2026 ਤੱਕ ਬਿਹਾਰ ਵਿਖੇ ਕਰਵਾਈਆਂ ਗਈਆਂ । ਜਿਸ ਵਿੱਚ ਜ਼ਿਲ੍ਹਾ ਤਰਨ ਤਾਰਨ ਕੈਡਿਟ ਗੇਮ ਵਿੱਚ ਕੁੱਲ ਪੰਜ ਖਿਡਾਰਨਾਂ ਨੇ ਭਾਗ ਲਿਆ। ਜਿਸ ਵਿੱਚ ਖਿਡਾਰਨ ਲਵਪ੍ਰੀਤ ਕੌਰ ਨੇ ਦੂਸਰਾ ਸਥਾਨ , ਖਿਡਾਰਨ ਗੁਰਵਿੰਦਰ ਕੌਰ ਨੇ ਤੀਸਰਾ ਸਥਾਨ ਹਾਸਿਲ ਕੀਤਾ ਅਤੇ ਖਿਡਾਰਨਾ ਅਰਸ਼ਦੀਪ ਕੌਰ ਪੂਜਾ ਖੁਸ਼ਪ੍ਰੀਤ ਕੌਰ ਨੇ ਭਾਗ ਲਿਆ ।

ਉਨ੍ਹਾਂ ਕਿਹਾ ਕਿ ਜੂਨੀਅਰ ਵਿੱਚ ਕੁੱਲ ਸੱਤ ਖਿਡਾਰਨਾਂ ਨੇ ਭਾਗ ਲਿਆ । ਜਿਸ ਵਿੱਚ ਕਿਰਨਦੀਪ ਕੌਰ ਨੇ ਦੂਸਰਾ ਸਥਾਨ ਗਗਨਦੀਪ ਕੌਰ ਨੇ ਤੀਸਰਾ ਸਥਾਨ ਹਾਸਿਲ ਕੀਤਾ ਖਿਡਾਰਨਾ ਰੁਪਿੰਦਰ ਕੌਰ ਸਰਪ੍ਰੀਤ ਕੌਰ ਸਾਕਸ਼ੀ ਝਾਂ ਮਨਰੋਜ ਬੀਰ ਸਿੰਘ ਸੁਖਮਨਪ੍ਰੀਤ ਕੌਰ ਨੇ ਭਾਗ ਲਿਆ । ਇਹਨਾਂ ਖਿਡਾਰਨਾਂ ਨੇ ਜ਼ਿਲ੍ਹਾ ਤਰਨ ਤਾਰਨ ਦਾ ਨਾਮ ਰੌਸ਼ਨ ਕੀਤਾ । ਜਿਲਾ ਤਰਨ ਤਾਰਨ ਵਿਖੇ ਪਹੁੰਚਣ ਤੇ ਗੇਮ ਇੰਚਾਰਜ ਮੈਡਮ ਸੁਖਜੀਤ ਕੌਰ ਅਤੇ ਖਿਡਾਰਨਾਂ ਨੂੰ ਜ਼ਿਲਾ ਖੇਡ ਅਫਸਰ ਵੱਲੋਂ ਬਹੁਤ ਵਧਾਈਆਂ ਦਿੱਤੀਆਂ ਗਈਆਂ। ਇਸ ਮੌਕੇ ਸ੍ਰੀਮਤੀ ਸਤਵੰਤ ਕੌਰ ਜ਼ਿਲ੍ਹਾ ਖੇਡ ਅਫਸਰ, ਸ੍ਰੀ ਬਲਜੀਤ ਸਿੰਘ ਸੀਨੀਅਰ ਸਹਾਇਕ ਅਤੇ ਸਮੂਹ ਸਟਾਫ ਨੇ ਬਹੁਤ ਮੁਬਾਰਕਾਂ ਦਿੱਤੀਆਂ।

# 6 ਫਰਵਰੀ ਨੂੰ ਸਿਵਲ ਹਸਪਤਾਲ ਤਰਨ ਤਾਰਨ ਵਿਖੇ 'ਸਾਡੇ ਬਜ਼ੁਰਗ, ਸਾਡਾ ਮਾਣ' ਤਹਿਤ ਲਗਾਇਆ ਜਾਵੇਗਾ ਵਿਸ਼ੇਸ਼ ਕੈਂਪ

### ਜ਼ਿਲ੍ਹਾ ਪ੍ਰਸ਼ਾਸਨ ਨੇ ਬਜ਼ੁਰਗਾਂ ਨੂੰ ਇਸ ਕੈਂਪ ਵਿੱਚ ਪਹੁੰਚ ਕੇ ਲਾਭ ਉਠਾਉਣ ਦੀ ਅਪੀਲ ਕੀਤੀ



ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨਤਾਰਨ 3 ਫਰਵਰੀ

ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ 'ਸਾਡੇ ਬਜ਼ੁਰਗ, ਸਾਡਾ ਮਾਣ' ਮੁਹਿੰਮ ਤਹਿਤ ਸੀਨੀਅਰ ਸੀਟੀਜ਼ਨ ਦੀ ਭਲਾਈ ਸਬੰਧੀ ਇੱਕ ਵਿਸ਼ੇਸ਼ ਕੈਂਪ 6 ਫਰਵਰੀ 2026 ਸਵੇਰੇ 10:00 ਵਜੇ ਸਿਵਲ ਹਸਪਤਾਲ, ਤਰਨ ਤਾਰਨ ਵਿਖੇ ਲਗਾਇਆ ਜਾਵੇਗਾ।ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ, ਆਈ.ਏ.ਐੱਸ. ਨੇ ਦੱਸਿਆ ਕਿ 6 ਫਰਵਰੀ ਨੂੰ ਲੱਗਣ ਵਾਲੇ 'ਸਾਡੇ ਬਜ਼ੁਰਗ, ਸਾਡਾ ਮਾਣ' ਕੈਂਪ ਸਿਹਤ ਵਿਭਾਗ ਦੇ ਮਾਹਿਰ ਡਾਕਟਰਾਂ ਵੱਲੋਂ ਬਜ਼ੁਰਗਾਂ ਦਾ ਮੈਡੀਕਲ ਚੈੱਕਅਪ, ਅੱਖਾਂ ਦਾ ਚੈਕਅੱਪ, ਨੱਕ ਦਾ ਚੈਕਅੱਪ, ਕੰਨ ਦਾ ਚੈਕਅੱਪ, ਗਲੇ ਦਾ ਚੈਕਅੱਪ, ਹੱਡੀਆਂ ਨਾਲ ਸਬੰਧਤ ਸਮੱਸਿਆਵਾਂ ਦਾ ਚੈਕਅੱਪ, ਫਿਜਿਓਥੈਰੇਪੀ, ਛਾਤੀ ਸਬੰਧੀ ਸਮੱਸਿਆਵਾਂ ਦਾ ਚੈੱਕਅੱਪ, ਖ਼ੂਨ ਅਤੇ ਸ਼ੂਗਰ ਦਾ ਚੈਕਅੱਪ ਕਰਨ ਉਪਰੰਤ ਉਨ੍ਹਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਜਾਣਗੀਆਂ। ਇਸ ਮੌਕੇ ਸੀ.ਐੱਮ. ਦੀ ਯੋਗਸ਼ਾਲਾ ਦੇ ਯੋਗਾ ਮਾਹਿਰਾਂ ਵੱਲੋਂ ਬਜ਼ੁਰਗਾਂ ਨੂੰ ਨਿਰੋਗ ਰਹਿਣ ਲਈ ਵੱਖ-ਵੱਖ ਯੋਗ ਆਸਣਾਂ ਦੀ ਜਾਣਕਾਰੀ ਵੀ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਪੁਰਸ਼ ਬਜ਼ੁਰਗ ਜਿਹਨਾਂ ਦੀ ਉਮਰ 65 ਸਾਲ ਅਤੇ ਇਸਤਰੀ ਬਜ਼ੁਰਗ ਜਿਹਨਾਂ ਦੀ ਉਮਰ 58 ਸਾਲ ਹੋ ਚੁੱਕੀ ਹੈ ਅਤੇ ਪਤੀ-ਪਤਨੀ ਦੋਵਾਂ ਦੀ ਜ਼ਮੀਨ ਦੀ ਹੱਦਬੰਦੀ ਢਾਈ ਏਕੜ ਨਹਿਰੀ ਜਾਂ ਫਿਰ 5 ਏਕੜ ਬਰਾਨੀ ਜ਼ਮੀਨ ਹੈ, ਉਹਨਾਂ ਯੋਗ ਬਜ਼ੁਰਗਾਂ ਲਈ ਬੁਢਾਪਾ ਪੈਨਸ਼ਨ ਲਗਾਉਣ ਲਈ ਆਨ-ਲਾਈਨ ਅਪਲਾਈ ਕਰਵਾਇਆ ਜਾਵੇਗਾ। ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਨੇ ਦੱਸਿਆ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ ਵੱਲੋਂ ਵਿਸ਼ੇਸ਼ ਸਟਾਲ ਲਗਾ ਕੇ ਬਜ਼ੁਰਗਾਂ ਨੂੰ ਉਨ੍ਹਾਂ ਦੇ ਕਾਨੂੰਨੀ ਹੱਕਾਂ ਬਾਰੇ ਜਾਗਰੂਕ ਕੀਤਾ ਜਾਵੇਗਾ ਅਤੇ ਜੇਕਰ ਕਿਸੇ ਬਜ਼ੁਰਗ ਨੂੰ ਕਾਨੂੰਨੀ ਸਹਾਇਤਾ ਦੀ ਲੋੜ ਹੋਈ ਤਾਂ ਉਹ ਵੀ ਮੁਹੱਈਆ ਕਰਵਾਈ ਜਾਵੇਗੀ। ਇਸ ਤੋਂ ਇਲਾਵਾ ਹੋਰ ਵਿਭਾਗਾਂ ਵੱਲੋਂ ਵੀ ਸਟਾਲ ਲਗਾ ਕੇ ਬਜ਼ੁਰਗਾਂ ਲਈ ਚਲਾਈਆਂ ਜਾ ਰਹੀਆਂ ਭਲਾਈ ਯੋਜਨਾਵਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ।ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਨੇ ਜ਼ਿਲ੍ਹਾ ਤਰਨ ਤਾਰਨ ਦੇ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਬਜ਼ੁਰਗਾਂ ਨੂੰ ਇਸ ਕੈਂਪ ਵਿੱਚ ਲਿਆਉਣ ਅਤੇ ਸਰਕਾਰ ਵੱਲੋਂ ਬਜ਼ੁਰਗਾਂ ਦੀ ਭਲਾਈ ਚਲਾਈਆਂ ਜਾ ਰਹੀਆਂ ਯੋਜਨਾਵਾਂ ਦਾ ਲਾਭ ਉਠਾਉਣ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਆਪਣੇ ਬਜ਼ੁਰਗਾਂ ਦੇ ਮਾਣ-ਸਤਿਕਾਰ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

